੫੬ ਜਮੇ ਜਾਂ ਦਾਫ਼ੇ ਦੀ ਕਮਜ਼ੋਰੀ।

ਮਜਾਰੀ ਦੀ ਤੰਗੀ, ਸੁਦਿਆਂ ਜਾਂ ਮਾਦੇ ਦੇ ਗਾਹੜੇ
ਯਾ ਬਹੁਤ ਹੌਲ ਹੋਣ ਕਰਕੇ ਜਾਂ ਲੇਸ ਥੋਂ ਹੁੰਦੀ ਹੈ।
ਜਾਂ ਪਖਾਨੇ ਦੀ ਹਾਜਤ ਨਾ ਹੋਇਆਂ ਕਿ ਜਦੋਂ ਮਰਗ
ਰਹ ਅਰ ਇਮਆਂ ਦੇ ਵਿਚ, ਸੁਦਾ ਪੁੰਜ ਜਾਂਦਾ ਹੈ, ਤਾਂ
ਸੁਫਰਾ ਦੇ ਇਮਆ ਪੁਰ ਨਾ ਤ੍ਰਿਗਣ ਥੋਂ ਹਾਜਤ ਮ
ਲੂਮ ਨਹੀ ਹੁੰਦੀ, ਬਸ ਫੁਜਲਾ ਰੁਕ ਜਾਂਦਾ ਹੈ।
ਜਿਹਾ ਕੁ ਕੌਲੰਜ ਪਨਰੋਹ ਦੇ ਵੇਲੇ, ਤਬੀਤ ਦੇ ਹੋ
ਰ ਪਾਸੇ ਲਗਣ ਕਰਕੇ, ਜਿਹਾ ਕੁ ਤਬੀਅਤ ਮਾਦੇ
ਨੂੰ ਪੇਸ਼ਾਬ ਜਾਂ ਮੁੜ੍ਹਕੇ ਦੇ ਰਸਤੇ ਕਢੇ ਤਾਂ ਕਬਜ਼ੀ ਹੋ
ਜਾਂਦੀ ਹੈ, ਅਰ ਨਿਕਲ ਜਾਣਾ ਜਾ ਖਾਰਜ ਹੋਣਾ
ਰੁਕਣ ਦੇ ਉਲਟ ਹੈ।

ਭਾਵ। ਰੁਕਣ ਅਰ ਨਿਕਲਣ ਦੀ ਲੋੜ੍ਹ ਹੋਣ ਦਾ
ਇਹ ਕਾਰਣ ਹੈ, ਕਿ ਕੋਈ ਗਜ਼ਾ ਅਜੇਹੀ ਨਹੀ ਜੋ
ਅੰਗਾਂ ਦੇ ਨਾਲ ਮਿਲਾਦਿਆਂ ਹੀ ਅੰਗੀ ਸੂਰਤ ਪਕ
ੜੇ, ਸਗੋਂ ਇਸ ਗਲ ਲਈ ਫਿਲ ਦੀ ਲੋੜ੍ਹ ਹੋ। ਬਸ
ਰੁਕਣ ਦੀ ਲੋੜ੍ਹ ਮਲੂਮ ਹੋ ਗਈ। ਫੇਰ ਅਜੇਹੀ ਗ
ਜ਼ਾ ਕੋਈ ਨਹੀ ਕਿ ਅੰਗ ਦਾ ਜੁਜ਼ ਬਨ ਜਾਵੇ, ਸਗੋਂ
ਹਰ ਏਕ ਗਜ਼ਾ ਦੇ ਨਾਲ ਫੁਜਲਾ ਬੀ ਹੁੰਦਾ ਹੈ, ਬਾ
ਸੁ ਉਸ ਫੁਜਲੇ ਲਈ ਨਿਕਲਣਾ ਬੀ ਜਰੂਰੀ ਹੋਇ
ਆ।

ਛੇਵੀਂ ਭਾਂਤ।

ਨਰਸ ਦੇ ਅਵਰਗ। ਉਨ੍ਹਾਂ ਵਿਚੋਂ ਕਈ ਆਜਿਹੇ ਹਨ
ਕਿ ਗਰਮੀ ਨੂੰ ਬਾਹਰ ਵਲ ਕਢਦੇ ਹਨ, ਜਾਂ ਤਾਂ ਇਕੋ
ਵੇਰੀ ਜਿਹਾ ਕੁ ਕਾਸਾ ਖੁਸ਼ੀ ਜਾਂ ਹੌਲੀ ੨ ਜਿਹਾ ਕੁ ਲ
ਜ਼ਤਾ ਗ੍ਰਾਣ। ਗੁਸਾ ਜਾਂ ਗਜ਼ਬ ਦੇਹ ਦੀ ਹਾਲ
ਤ ਹੈ ਕਿ ਜਿਸ ਵਿਚ ਰੂਹਾਂ ਗਰੀਜ਼ੀ ਗਰਮੀ ਬਾਹਰਲੀ
ਦੇਹ ਵਿਚ ਇਕੋ ਵੇਰੀ ਹਰਕਤ ਕਰਦੀ ਹੈ,, ਬਦਲਾ-
ਲੈਣ ਵਾਸਤੇ। ਕਿਉਂ ਜੋ ਰੂਹ ਕਲੇਜੇ ਲਹੂ ਭੀ ਬਾ
ਹਰ ਵਲ ਆਉਂਦਾ ਹੈ, ਇਸੇ ਕਰਕੇ ਮੂੰਹ ਤੇ ਅਖਾਂ ਲਾ
ਲ ਹੋ ਜਾਂਦੀਆਂ ਹਨ, ਅਰ ਥੋੜਾ ਗੁਸਾ ਦੇਹ ਨੂੰ ਗਰਮ
ਕਰਦਾ ਹੈ। ਅਰ ਦਿਲ ਦੇ ਬੁਖਾਰ ਕਢਦਾ ਹੈ। ਲਜ਼ਤ
ਦੇਹ ਦੀ ਉਹ ਹਾਲਤ ਹੈ ਕਿ ਆਦਮੀ ਆਪਣੀ ਚਾਹੀ
ਹੋਈ ਚੀਜ਼ ਨੂੰ ਲੈਣ ਵਾਸਤੇ ਜਾਂ ਉਸ ਨੂੰ ਮਿਲਣ ਵਾਸਤੇ
ਚਾਹੁੰਦਾ ਹੈ। ਇਸ ਨਾਲ ਰੂਹ ਭੀ ਬਾਹਰਲੀ ਦੇਹ ਵਲ
ਆਉਂਦੀ ਹੈ। ਬਾਜੇ ਅਵਾਰਜ਼ ਆਜਿਹੇ ਹਨ ਕਿ ਗਰ
ਮੀ ਨੂੰ ਅੰਦਰ ਵਲ ਦਾਖਲ ਕਰਦੇ ਹਨ, ਜਾਂ ਤਾਂ ਇਕੋ
ਵਾਰੀ ਜਿਹਾ ਕੁ ਡਰ, ਜਾਂ ਹੌਲੀ ੨ ਜਿਹਾ ਕੁ ਚਿੰਤਾ। ਗ੍ਰਾਣ
ਚਿੰਤਾ ਦੇਹ ਦੀ ਇਕ ਹਾਲਤ ਹੈ, ਕਿ ਉਸ ਦੇ ਨਾਲ ਰੂਹ
ਅਰ ਗਰੀਜ਼ੀ ਗਰਮੀ ਦੇਹ ਦੇ ਅੰਦਰ ਨੂੰ ਹਰਕਤ ਕ
ਰਦੀਆਂ ਹਨ, ਕਿਸੇ ਗਲ ਦੇ ਹੋਣ ਦੇ ਡਰ ਤੇ, ਜੇ ਏਹ
ਹਾਲ ਬਹੁਤ ਚਿਰ ਤੀਕ ਰਹੇ। ਤਾਂ [illegible] ਬਹੁਤ ਹੀ ਗਰ
ਮ ਹੋ ਜਾਊ ਅਰ ਦਿਕ ਤਪ ਹੋ ਜਾਊ, [illegible] ਤਬਸ

੫੫ ਕ ਦੇਹ ਨੂੰ ਢਡਾ ਜਾਨ ਕਰਦੀ ਹੈ। ਕਈ ਅਵਾਰਜ ਐ
ਜਿਹੇ ਹਨ, ਕਿ ਕਦੀ ਗਰਮੀ ਨੂੰ ਅੰਦਰ ਵਲ ਅਰ ਕ
ਦੀ ਬਾਹਰ ਵਲ ਧਕਦੇ ਹਨ, ਜਿਹਾ ਕੁ ਗੁਸਾ ਸਮੇਤ
ਡਰਦੇ ਜਾਂ ਸ਼ਰਮਿੰਦਗੀ। ਗੁਣ। ਸ਼ਰਮਿੰਦਗੀ
ਇਕ ਹਾਲਤ ਮਿਸ੍ਰਤ ਹੈ ਡਰ ਅਰ ਗੁਸੇ ਥੋਂ। ਜਦ ਸ਼
ਰਮਿੰਦੇ ਆਦਮੀ ਨੂੰ ਮਲੂਮ ਹੁੰਦਾ ਹੈ ਕਿ ਇਕ ਭੈੜਾ
ਕੰਮ ਹੋਣ ਵਾਲਾ ਹੈ, ਉਸ ਵੇਲੇ ਉਸਦਾ ਹਾਲ ਡਰਾਕ
ਲ ਵਰਗਾ ਹੁੰਦਾ ਹੈ। ਅਰਥਾਤ ਉਸਦੀ ਰੂਹ ਅੰਦਰ
ਵਲ ਵਗਦੀ ਹੈ। ਇਸੇ ਕਰਕੇ ਉਸਦਾ ਰੰਗ ਪਿਲਾ
ਹੋ ਜਾਂਦਾ ਹੈ। ਅਰ ਜਦ ਅਕਲ ਦੇਹ ਪੁਰ ਦਲੇਰੀ ਕ
ਰਦੀ ਹੈ, ਅਰ ਉਸ ਭੈੜੇ ਕੰਮ ਨੂੰ ਨਿਕੰਮਾ ਜਾਣਦੀ ਹੈ
ਉਸ ਵੇਲੇ ਉਸਦਾ ਹਾਲ ਗੁਸੇ ਵਾਲੇ ਆਦਮੀ ਵਰਗ
ਹੁੰਦਾ ਹੈ। ਉਸਦੀ ਰੂਹ ਬਾਹਰ ਨੂੰ ਹਰਕਤ ਕਰਦੀ ਹੈ
ਤਦੇ ਹੀ ਉਸਦਾ ਰੰਗ ਲਾਲ ਹੋ ਜਾਂਦਾ ਹੈ।

ਤੀਜਾ ਧਿਆਉ।

ਰੋਗਾਂ ਦੇ ਕਾਰਣਾ ਵਿਖੇ।

ਫੰ: ੧

ਓਹ ਤਿਨ ਪ੍ਰਕਾਰ ਦੇ ਹਨ। ਇਕ ਮਾਦੀ ਜੋ ਖਿਲਤੀ,
ਮਿਜ਼ਾਜੀ ਅਰ ਤਰਕੀਬੀ ਨਹੀਂ ਹੁੰਦੇ। ਸਗੋਂ ਕੋਈ ਹਿ
ਰ ਫਾਲ ਹੁੰਦੀ ਹੈ। ਜਿਹਾ ਕੁ ਹਵਾ, ਸੂਰਜ, ਅਗ ਦੀ ਗ
ਰਮੀ, ਜਾਂ ਬਰਫ, ਹਵਾ ਦੀ ਸਰਦੀ, ਜਾਂ ਤੇਗ ਨ ਵਾਂਗੂ

ਆਂ ਦਾ ਰੋਗ ਜਦ ਪੇਟ ਆਦਿਕ, ਜਾਂ ਉਹ ਗਲ ਦੇਹ ਦੇ ਵਿ-
ਚੋਂ ਹੁੰਦੀ ਹੈ ਜੇਹਾ ਕੁ ਗੁਸਾ, ਖੁਸ਼ੀ, ਡਰ, ਚਿੰਤਾ, ਸੋਚ
ਅੰਦੇਸ਼ੀ।

ਦੂਜਾ ਸਾਬਕ। ਇਹ ਉਹ ਕਾਰਨ ਹੈ, ਕਿ ਜਿਸ ਵਿ-
ਚ ਖਿਲਤੀਆਂ, ਮਿਜ਼ਾਜੀਆਂ ਜਾਂ ਤਰਕੀਬੀ ਆਦਿ ਕਾ-
ਰਣ ਹੋਵੇ, ਇਸ ਵਿਚ, ਅਰ ਰੋਗ ਵਿਚ ਸੰਬੰਧ ਹੁੰਦਾ
ਹੈ। ਜਿਹਾ ਕੁ ਤਪ ਦਾ ਕਾਰਨ, ਜਾਂ ਥੋੜ ਦਾ ਪੇਟ ਵਿਚ
ਹੋਣਾ ਅਰ ਦੁਖੀ ਹੋਣਾ।

ਤੀਜਾ ਵਾਸਿਲ। ਉਹ ਅਜੇਹਾ ਹੈ ਕਿ ਰੋਗ ਅਰ
ਉਸ ਵਿਚ ਕੁਝ ਵਾਸਤਾ ਨਹੀ ਪਰ ਰੋਗ ਦੇ ਨਾਲ ਹੁੰਦਾ ਹੈ
ਜੇਹਾ ਕੁ ਗੰਦਕੀ ਜਿਸ ਨਾਲ ਤਪ ਜ਼ਰੂਰੀ ਹੈ।

ਫੇਰ ਇਹ ਕਾਰਨ ਜਾਂ ਪ੍ਰਕ੍ਰਿਤਿ ਦਾ ਵਿਗਾੜ ਕਰਨਗੇ,
ਜਾਂ ਮੁਰਜ਼ੁਉਲ ਤਰਕੀਬ, ਜਾਂ ਜੋੜ ਵਿਚ ਫਰਕ।
ਗਰਮ ਪ੍ਰਕ੍ਰਿਤਿ ਦੇ ਵਿਗਾੜ ਦੇ ਪੰਜ ਕਾਰਣ ਹਨ, ਪਹਿਲੇ
ਹਰਕਤ ਜੋ ਅਸਲ ਥੋਂ ਵਧ ਕੇ ਹੋਵੇ ਭਾਵੇਂ ਉਹ ਨੁਕਸਾ-
ਨੀ ਹੋਵੇ ਜੇਹਾ ਕੁ ਗੁਸਾ, ਖੁਸ਼ੀ, ਭਾਵੇਂ ਦੇਹ ਕੇ ਜੇਹਾ ਕੁ ਪੈ-
ਡਾ ਕਰਣਾ, ਜੋਰ ਕਰਨਾ। ਦੂਜੇ ਮਜੂਦ ਗਰਮੀ ਦਾ ਲ-
ਗਣਾ। ਤੀਜੇ ਬਿਲਕੁਵਾ ਗਰਮੀ ਦਾ ਲਗਣਾ। (ਬਿ-
ਲਕੁਵਾ ਗਰਮੀ ਜੇਹਾ ਕੁ ਗਰਮ ਚੀਜ਼ਾਂ ਦਾ ਲੇਪ ਕਰ-
ਨਾ, ਭਾਵੇਂ ਥੋਮ ਦਾ ਖਾਣਾ। ਚੌਥੇ ਦੇਹ ਦੇ ਮੁਸਾਮਾਂ ਦਾ
ਬੰਦ ਹੋਣਾ। ਪੰਜਵੇਂ ਸਾੜ੍ਹੇ ਹਾਨ। ਸਰਦੀ ਦੇ ਰੋਗਾਂ

ਠ ਹਨ। ਪਹਿਲੇ ਮਜੂਦ ਠੰਢ ਦਾ ਲਗਣਾ, ਜਿਹਾ ਕੁਬ
ਰਫ ਠੰਢੇ ਪਾਣੀ ਹਵਾ ਦੀ ਸਰਦੀ। ਦੂਜੇ ਬਿਲਕਵਾ ਸ
ਰਦੀ। ਬਿਲਕਵਾ ਸਰਦੀ ਉਹ ਹੈ ਕਿ ਠੰਢੀ ਮਲੂਮ ਨ
ਹੋਵੇ, ਪਰ ਅੰਦਰ ਜਾਕੇ ਸਰਦੀ ਪੈਦਾ ਕਰੇ। ਤੀਜੇ ਭੁ
ਖਿਆ ਰਹਣਾ ਜਿਉਂ ਜੋ ਗਰੀਜ਼ੀ ਤਰੀ ਗਰੀਜ਼ਾ ਗਰ
ਮੀ ਦਾ ਮਾਦਾ ਹੈ ਘਟ ਜਾਂਦਾ ਹੈ। ਚੌਥੇ ਬਹੁਤ ਖਾਣਾ ਕਿ
ਉਂ ਜੋ ਬਹੁਤ ਖਾਂਦਿਆਂ ਪੀਂਦਿਆਂ ਗਰੀਜ਼ੀ ਗਰਮੀ
ਘਟ ਜਾਂਦੀ ਹੈ। ਬਹੁਤੀ ਸਰਾਬ ਦੇਹ ਨੂੰ ਸਰਦ ਕਰ
ਦੀ ਹੈ। ਅਤੇ ਕਈ ਰੋਗ ਆਦਿ ਪੈਦਾ ਕਰਦੀ ਹੈ। ਪੰਜਵੇ
ਮੁਸਾਮਾਂ ਦਾ ਬੰਦ ਹੋਣਾ, ਛੇਵੇਂ ਬਹੁਤ ਹਰਕਤ ਕਰਨੀ
। ਸਤਵੇਂ ਅਰਾਮ ਵਿਚ ਢਿਲਿਆਂ ਹੋਕੇ ਬਹੁਤ ਪਿਆ
ਰਹਣਾ। ਅਠਵੇਂ ਮੁਸਾਮਾਂ ਦਾ ਬਹੁਤਾ ਖੁਲ ਜਾਣਾ।
ਜਿਉਂ ਜੋ ਇਨਾਂ ਦੇ ਖੁਲ ਜਿਆਂ ਗਰੀਜ਼ੀ ਗਰਮੀ ਬ
ਹੁਤ ਘਟ ਜਾਂਦੀ ਹੈ, ਫੇਰ ਠੰਢ ਹੋ ਜਾਂਦੀ ਹੈ, ਜਿਹਾ ਕੁ
ਬਹੁਤ ਚਿਰ ਹਮਾਮ ਵਿਚ ਰਿਹਾਂ ਹਾਲ ਹੁੰਦਾ ਹੈ।
ਖੁਸ਼ਕੀ ਦੇ ਰੋਗ ਦੇ ਕਾਰਣ ਚਾਰ ਹਨ। ਪਹਲੇ ਮਜੂ
ਦ ਖੁਸਕੀ ਦਾ ਲਗਣਾ। ਦੂਜੇ ਬਿਲਕਵਾ ਤਰੀ, ਤੀ
ਜੇ ਘਟ ਖਾਣਾ, ਚੌਥੇ ਬਹੁਤੀ ਹਰਕਤ ਕਰਣੀ। ਤਰ
ਰੋਗਾਂ ਦੇ ਭੀ ਕਾਰਣ ਚਾਰ ਹਨ, ਇਕ ਮਜੂਦ ਤਰੀ ਦਾ
ਲਗਣਾ, ਦੂਜੇ ਬਿਲਕਵਾ ਤਰੀ, ਤੀਜੇ ਬਹੁਤ ਖਾਣਾ
ਚੌਥੇ ਬਹੁਤ ਅਰਾਮ ਕਰਨਾ।

ਹੁਣ ਮਰਜ਼ ਤਰਕੀਬ ਦੇ ਹਾਲ ਸੁਣੋ। ਸੁਕੜ ਜਾਂ ਸੂਰ
ਤ ਦਾ ਵਿਗਾੜ੍ਹ ਜਾਣੋ ਜਾਂ ਤਾਂ ਮੁਸਵਰਾ ਕੂਵਤ ਦੇ ਕਸੂ
ਰ ਥੀਂ ਹੁੰਦਾ ਹੈ, ਜਾਂ ਕੂਵਤ ਮੁਰਸਲਾ ਦੇ ਥੀਂ। ਜਾਂ ਜਮਾਣ ਵੇਲੇ
ਕੁਝ ਹੋ ਜਾਵੇ। ਜਾਂ ਉਸ ਵੇਲੇ ਕਿ ਬੱਚਾ ਕਪੜ੍ਹੇ ਵਿਚ ਲਪੇ
ਟਿਆ ਜਾਵੇ, ਅੰਗ ਅਪਣੇ ਅੜੇ ਜਿਹ ਨਾ ਰਹਣ। ਜਾਂ
ਕਿਸੇ ਹੋਰ ਬਾਹਰਲੇ ਕਾਰਨ ਥੀਂ, ਜਾਂ ਸਟ ਪੇਟ ਥੀਂ। ਜਾਂ
ਇਸ ਕਰਕੇ ਥੀਂ ਕਿ ਅੰਗ ਸਖਤ ਅਰ ਤਕੜੇ ਹੋਣ ਥੀਂ
ਪਹਿਲੇ ਹੀ ਬੱਚਾ ਤੁਰਨ ਫਿਰਨ ਲਗ ਜਾਵੇ, ਤਦ ਅੰ
ਗਾਂ ਵਿਚ ਕੁਬ ਪੈ ਜਾਂਦਾ ਹੈ। ਮਜਾਰੀ ਦਾ ਚਿੜਾ ਹੋਣਾ।
ਜਾਂ ਤਾਂ ਮਾਸਦਾ ਕੂਵਤ ਦੀ ਕਮਜੋਰੀ ਥੀਂ, ਜਾਂ ਕਢਣ
ਵਾਲੀ ਕੂਵਤ ਦੀ ਹਰਕਤ, ਜਾਂ ਮੁੜ ਫਤਾਜਾ ਮਰਖੀ
ਆ ਦੂਵਾ ਦੇ ਕਾਰਨ ਥੀਂ ਹੋ ਜਾਂਦਾ ਹੈ। ਅਰ ਮਜਾਰੀ ਦੇ ਤੰ
ਗ ਹੋਣ ਦੇ ਕਾਰਨ ਚੌੜੇ ਹੋਣ ਥੀਂ ਉਲਟ ਹਨ। ਸੁਦਾ ਦੇ
ਸਬਬ - ਪਹਲੇ ਕਿਸੇ ਥਿੰਧੀ ਚੀਜ਼ ਦਾ ਮਜਾਰੀ ਵਿ
ਚ ਆ ਰੁਲਣਾ। ਦੂਜੇ ਕਿਸੇ ਰਸਤੇ ਦਾ ਬੰਦ ਹੋ ਜਾਣਾ,
ਕਿਸੇ ਜਖਮ ਦੇ ਅਲ ਜਾਣ ਥੀਂ। ਤੀਜੇ ਮੁਜਾਰੀ ਦਾ
ਸੋਜ ਥੀਂ ਬੰਦ ਹੋ ਜਾਣਾ। ਚੌਥੇ ਮੁਜਾਰੀ ਦਾ ਸਖਤ ਸ
ਰਦੀ ਥੀਂ ਸੁਕੜ ਜਾਣਾ। ਪੰਜਵੇ ਮੁਜਾਰੀ ਦਾ ਕੂਵਤ ਮ
ਸਦਾ ਕੁਸਕੀ ਦੇ ਕਾਰਨ ਸੁਕੜ ਜਾਣਾ, ਇਹ ਕਾਰਣ
ਨੇ ਜੀਤਾਂ ਅੰਦਰ ਹੀ ਹੁੰਦੇ ਹਨ. ਜਿਹਾ ਕੁ ਸੁਦਾ ਦਾ
ਤ, ਅਰ ਨਦੀ ਬਾਹਰੋਂ ਜਿਹਾ ਕੁ ਧੂਆਂ, ਗੁਬਾਰ

ਫਿਫੜ੍ਹੇ ਖੰਜਰਾ ਅਰ ਅਗੀ ਨੂੰ ਖੁਸ਼ਕ ਕਰਦੇ ਹਨ
ਕਾਰਣ। ਕਦੀ ਤ੍ਰਾਂ ਅੰਦਰਲੇ ਹੁੰਦੇ ਹਨ, ਜਿਹਾ ਕੂ
ਲੇਸਦਾਰ ਖਿਲਤ, ਕਦੇ ਓਪਰੇ ਜਿਹਾ ਕੂ ਮੋਮ ਤੇਲ
ਵਿਚ ਗਾਲਿਆ ਹੋਇਆ ਹੈ, ਜਿਸ ਨੂੰ ਕੈਰੂਤੀ ਸਦਦੇ
ਹਨ। ਫਿਤ ਅਰ ਖਿਲਤੀ ਦੇ ਵਾਧੇ ਦੇ ਕਾ
ਰਨ।— ਜਾਂ ਤਾਂ ਦੇਹ ਕੂ ਮਾਦੇ ਦਾ ਵਾਧਾ ਹੈ, ਕਿ ਜਿਸ
ਦੇ ਕਾਰਣ ਕਿ ਜਿਸ ਥੋਂ ਕੋਈ ਅੰਗ ਦੇਹ ਦੇ ਅੰਗਾਂ ਥੋਂ
ਪੈਂਦਾ ਹੈ, ਜਿਹਾ ਕੂ ਵਧੀਕ ਉਂਗਲ। ਜਾਂ ਗੈਰ ਦੇਹ ਕੂ
ਮਾਦੇ ਦੇ ਵਾਧੇ ਥੋਂ ਉਹ ਅੰਗ ਜੋ ਬਦਨ ਦੇ ਅੰਗਾਂ ਵਿਚੋਂ
ਨਹੀਂ ਹੈ, ਜਿਹਾ ਕੂ ਮੋਕੇ ਆਦਿ, ਜਾਂ ਜਾਜ਼ਬਾ ਕੁਵਤ
ਦੀ ਸ਼ਿਦਤ। ਫਿਤ ਜਾਂ ਖਿਲਤੀ ਦੇ ਘਾਟੇ ਦੇ ਕਾਰਣ
ਜਾਂ ਮੇਦੇ ਦਾ ਨੁਕਸਾਨ ਜਾਂ ਮੁਸੱਵਰਾ ਕੁਵਤ ਦਾ ਭੁਲ
ਕਰਨਾ, ਜਿਹਾ ਕੂ ਦੋ ਉਂਗਲੀਆਂ ਦੇ ਬਣਨ ਜੋਗਾ
ਮਾਦਾ ਕੁਵਤ ਮੁਸੱਵਰਾ ਨੇ ਅੱਡ ਕੀਤਾ ਸੀ ਪਰ ਉ
ਸ ਮਾਦੇ ਥੀਂ ਪੂਰੀਆਂ ਦੋ ਉਂਗਲਾਂ ਨਾ ਬਣ ਸਕੀਆਂ
ਬੰਧਰ ਦੇ ਵਿਗਾੜ ਪੰਜ ਹਨ, ਪਹਿਲੇ ਮਾਦਾ ਅਚ-
ਵੀਕਰਨ ਵਾਲਾ, ਦੂਜਾ ਮਾਦਾ ਫੈਲਿਆਂ ਅਰ ਸੁ
ਸਤ ਕਰਨ ਵਾਲਾ। ਤੀਜੇ ਕਦੀ ਕਿਸੇ ਘਾਟੇ ਮਿਲ
ਣ ਥੋਂ ਅੰਗਾਂ ਦੀ ਨੇੜੇ ਦੂਰੀ ਵਿਚ ਫਰਕ ਪੈਂਦਾ ਹੈ।
ਚੌਥੇ ਅੰਦਰੋਂ ਖਿਲਤ ਦਾ ਖੁਸ਼ਕ ਹੋ ਜਾਣਾ ਕਿ ਅੰਗ
ਦਾ ਵਿਨਕ ਬਾਸਤੇ ਇਕਸਾਰ ਰੋਕ ਕਰਦਾ ਹੈ। ਪੰਜ

ਦੇ ਬਹੁਤੀ ਹਰਕਤ। ਤੁਰਤ ਫਰਕ। ਇਤਸਾਲ (ਜੋੜ੍ਹ) ਵਿਚ ਫੰ
ਰਕ) ਦੇ ਜਾਂ ਅਸਲੀ ਹੋਣਗੇ, ਜਿਹਾ ਕੁ ਖਿਲਤ ਦੇ ਸਾ
ਨ, ਫੀਗ, ਜਾਂ ਫਾੜਨ ਜਾਂ ਭਰ ਜਾਣ ਥੋਂ ਜਾਂ ਓਪਰੇ ਹੋਣ
ਗੇ, ਜਿਹਾ ਕੁ ਤਲਵਾਰ ਦਾ ਕਟਣਾ, ਪਥਰ ਦਾ ਫਾੜਨਾ
ਰਸੇ ਨਾਲ ਬਨਣਾ ਜਾਂ ਅੰਗ ਥੋਂ ਢੁਕਣਾ ਆਦਿ।

ਤੀਜਾ ਧਿਆਉ। ਉਨਾਂ ਨਿਸਾਨੀਆਂ ਦਾ ਵਰਣਨ

ਜੋ ਆਦਮੀ ਦੇ ਦੇਹ ਦੇ ਹਾਲਾਂ ਪੁਰ ਪ੍ਰਕ੍ਰਿਤਿ ਦੇ ਕਾਰਣਾ
ਲ ਦਸਦੀਆਂ ਹਨ। ਉਹ ਚਾਰ ਪ੍ਰਕਾਰ ਦੀਆਂ ਹਨ
ਪਹਲਾ ਬਦਨ ਦੀ ਜਿਲਦ। ਬਸ ਜੇ ਮੋਤਦਿਲ ਪ੍ਰਕ੍ਰਿ
ਤਿ ਵਾਲੀ ਜਿਲਦ ਨੂੰ ਛੋਹਣ ਵਾਲਾ ਗਰਮੀ ਨਾਲ
ਅਸਰ ਕਰਨ ਵਾਲਾ ਹੋਵੇ, ਤਾਂ ਇਹ ਗਰਮੀ ਨਿਸਾਨੀ
ਹੈ। ਜੇ ਛੋਹਣ ਵਾਲੇ ਨੂੰ ਜਿਲਦ ਥੋਂ ਸਰਦੀ ਮਲੂਮ ਹੋਵੇ-
ਤਾਂ ਸਰਦੀ ਦੀ ਦਲੀਲ ਹੈ। ਜੇ ਛੋਹਣ ਵਾਲੇ ਨੂੰ ਜਿਲਦ
ਨਰਮ ਮਲੂਮ ਹੋਵੇ, ਤਾਂ ਰਤੂਬਤ (ਤਰੀ) ਦੀ ਨਿਸਾ
ਨੀ ਹੈ, ਜੇਕਰ ਸਖਤ ਮਲੂਮ ਕਰੇ ਤਾਂ ਖੁਸ਼ਕੀ ਹੈ, ਤੇ ਜੇ
ਕਰ ਉਪਰਲੀਆਂ ਚੌਹਾਂ ਗਲਾਂ ਵਿਚੋਂ ਕੋਈ ਬੀ ਨਾ ਹੋਵੇ
ਤਦ ਮੋਤਦਲ (ਇਤਦਾਲ) ਹੈ। ਭੁਲਨ। ਹਰ ਇਕ ਦਲੀ
ਲ ਉਪਰ ਲਿਖੀਆਂ ਵਿਚ ਛੋਹਣ ਵਾਲੇ ਦੀ ਪ੍ਰਕ੍ਰਿਤਿ ਸ
ਹਰ ਹਵਾ ਦਾ ਮੋਤਦਿਲ ਹੋਣਾ ਹੈ। ਦੂਜੇ ਮਾਸ ਅਰ ਚ
ਰਬੀ ਦੇ ਬਹੁਤ ਹੋਣ ਥੋਂ ਮਲੂਮ ਹੋ ਜਾਂਦਾ ਹੈ, ਕਿਉਂਜੋ

੯੬ ਗਰਮੀ ਦੇ ਘਾਟੇ ਦੀ ਨਸਾਨੀ ਹੈ, ਜਿਵੇਂ ਹੋਣਾ ਜਾਂ ਬੁਲ੍ਹ
ਰਾਮ ਦੇ ਸੋਜ ਨਾਂ ਖੂਨ ਦੇ ਘਾਟੇ ਹੋਇਆਂ ਹੁੰਦੀ ਹੈ, ਅਰ ਇਹ ਦੋ
ਬੇਸਰਦੀ ਦੇ ਕਾਰਨ ਹਨ। ਇਨ੍ਹਾਂ ਦੋਹਾਂ ਬਿਦਾਸ਼ਾਂ ਵਿਚ ਇ
ਹ ਫਰਕ ਹੈ, ਕਿ ਬਲਗਮ ਵਾਲੀ ਸੁਫੈਦੀ ਢਿੱਲੀ ਅਰ
ਨਰਮ ਹੁੰਦੀ ਹੈ। ਅਰ ਖੂਨ ਵਾਲੀ ਇਸਦੇ ਉਲਟ। ਕਮੂ
ਦਰੰਗਾ, ਕਿਉਂ ਜੋ ਗਰਮੀ ਦੇ ਜੋਰ ਥੋਂ ਖਿਲਤ ਉਬਾਲ ਫੜ
ਦੀ ਹੈ, ਅਰ ਰੰਗ ਕਮੂਦ ਹੋ ਜਾਂਦਾ ਹੈ, ਰੰਗ ਦੀ ਲਾਲੀ ਦਸ
ਦੀ ਹੈ ਕਿ ਖੂਨ ਗਰਮੀ ਬਾਹੁਲੀ ਹੈ, ਪੀਲਾ ਅਰ ਸੰਦਲੀ
ਰੰਗ ਦੋਹਾਂ ਗਰਮੀ ਦੇ ਬਹੁਤ ਹੋਣ ਦੀ ਦਲੀਲ ਹੈ। ਕਿਉਂ
ਜੋ ਪਿਲੱਤਣ ਸੁਫਰਾ ਦੇ ਵਾਧੇ ਦੀ ਨਸਾਨੀ ਹੈ। ਅਰ ਸੁਫ
ਰਾ ਜਦ ਬਹੁਤ ਹੁੰਦਾ ਹੈ, ਤਾਂ ਉਸਦਾ ਰੰਗ ਖੂਨ ਅਰ ਜਿਸ
ਦੇ ਰੰਗ ਪੁਰ ਪ੍ਰਬਲ ਹੋ ਜਾਂਦਾ ਹੈ, ਅਜਿਹਾ ਹੀ ਸੰਦਲੀ
ਕਿਉਂਕਿ ਸਾਰੀ ਪਤਲਾ ਖੂਨ ਅਰ ਸਾਫ ਚਮਕਦਾਰ ਹੁੰਦ
ਹੈ ਅਰ ਇਹ ਗੱਲਾਂ ਗਰਮੀ ਬਾਝ ਨਹੀਂ ਹੋ ਸਕਦੀਆਂ ਅਕ
ਦੀ ਖੂਨ ਦੇ ਘਾਟੇ ਥੋਂ ਗਰਮੀ ਜਾਹਰ ਹੁੰਦੀ ਹੈ। ਪਰ ਇ
ਸ ਹਾਲ ਵਿਚ ਗਰਮੀ ਦੇ ਵਾਧੇ ਦੀ ਨਸ਼ਾਨੀ ਨਹੀਂ ਹੁੰਦੀ
ਦੋਹਾਂ ਪਿਲੱਤਣਾ ਵਿਚ ਫਰਕ, ਇਹ ਹੈ ਕਿ ਪਹਿਲੇ ਸੁ
ਫਰਾ ਵਿਚ ਗਰਮੀ ਦੀਆਂ ਨਸਾਨੀਆਂ ਪੈਦਾ ਹੁੰਦੀਆਂ
ਹਨ, ਅਰ ਦੂਜਾ ਇਸ ਦੇ ਉਲਟ, ਉਸ ਵਿਚ ਕਮਜੋਰੀ-
ਅਰ ਖੂਨ ਦੇ ਘਾਟੇ ਦੀਆਂ ਨਸਾਨੀਆਂ ਹੁੰਦੀਆਂ ਹਨ
ਕਾਲਾ ਰੰਗ ਗਰਮੀ ਦੀ ਨਸਾਨੀ ਹੈ, ਜੈਂਗਾਲੀ ਰੰਗ ਜ

ਭਰੀ ਖੁਸ਼ੀ ਦੀ ਨਿਸ਼ਾਨੀ ਹੈ। ਸਰਦੀ ਨਾਲ ਖ਼ੂਨ ਜਮ ਜਾਂ
ਦਾ ਹੈ, ਜਿਸ ਥੋਂ ਵੈਂਗਣੀ ਰੰਗ ਦੀ ਕਥਤਨ ਬਣਦੀ ਹੈ। ਅ-
ਭਿਮਦੀ ਵਰਤਾਰਾ ਰੰਗ ਸਰਦੀ ਦੀ ਨਿਸ਼ਾਨੀ ਹੈ। ਉਸ ਦਾ ਕਾ
ਰਨ ਖੂਨ ਅਰ ਬਲਗਮ ਦਾ ਜੰਮ ਜਾਣਾ ਹੈ। ਕਿਉਂ ਜੋ ਬਲ
ਗਮ ਚਿੱਟੀ ਹੁੰਦੀ ਹੈ, ਅਰ ਠੰਡ ਥੋਂ ਖੂਨ ਜੰਮ ਜਾਂਦਾ ਹੈ। ਇਹ
ਰੰਗ ਬਲਗਮੀ ਅਰ ਖੁਸ਼ਕੀ ਸਰਦੀ ਤਰੀ ਦੀ ਨਸ਼ਾਨੀ
ਹੈ। ਬਸ ਇਹ ਸੁਫੈਦੀ ਬਲਗਮ ਥੋਂ ਅਰ ਸਬਜ਼ੀ ਸਿਆਹੀ
ਖੂਨ ਦੇ ਜਮ ਜਾਣ ਥੋਂ ਹੁੰਦੀ ਹੈ ਜਿਨ੍ਹਾਂ ਥੋਂ ਸਰਦੀ ਰੰਗ ਬਣਦੇ ਹੈ

ਪੰਜਵਾਂ ਧਿਆਉ।

ਉਨ੍ਹਾਂ ਨਿਸ਼ਾਨੀਆਂ ਦਾ ਵਰਣਨ ਕਿ ਖਿਲਤ੍ਰ ਦੇ ਕਾਰਨ ਦੇ
ਦਾ ਹਾਲ ਦਸਦੀਆਂ ਹਨ। ਖੂਨ ਦੇ ਵਧ ਹੋਣ ਦੀਆਂ ਨ
ਸ਼ਾਨੀਆਂ :— ਸਿਰ ਦਾ ਭਾਰਾ ਹੋਣਾ, ਅੱਖਾਂ ਤੇ ਜਲੀਆਂ
ਉਬਾਲਿਆਂ ਦੇ ਭਰ ਜਾਣ ਥੋਂ। ਅਰ ਤਬੀਅਤ ਦਾ ਹਰਕ
ਤ ਕਰਨ ਵਾਸਤੇ ਉਬਾਲਿਆਂ ਦੇ ਕਢਣ ਦੇ। ਜ ਥਕੇ ਦੇ ਉ
ਬਾਲੇ ਭਰ ਜਾਣ ਦੇ ਕਾਰਨ, ਉਂਘਾ ਆਉਣੀਆਂ ਕਿਉਂ ਜੋ ਰ
ਤੂਬਤ ਵਧ ਜਾਂਦੀ ਹੈ, ਅਰ ਦਿਮਾਗ ਨੂੰ ਚੜ੍ਹਦੀ ਹੈ। ਰੂਹਨ
ਫਸਾਨੀ ਦੀ ਕਦੂਰਤ। ਅਰ ਬੁਖਾਰਾਂ ਦੇ ਦਿਮਾਗ ਨੂੰ ਚੜ੍ਹਨ
ਥੋਂ ਹਵਾਸਾਂ ਦਾ ਖਰਾਬ ਹੋਣਾ ਅਰ ਦੇਹ ਦਾ ਗਾਫਲ ਰਹਣਾ
ਰ ਦੇ ਫੂਲਣੇ ਥੋਂ ਢਿਲਿਆਂ ਹੋਣਾ, ਕਿਉਂ ਜੋ ਉਹ ਲਹੂ ਨੂੰ ਹਰ
ਤਰਹ ਨੈਣ ਦੇ ਬਦੀ ਹੈ, ਮੂੰਹ ਦਾ ਮਿਠਿਆ ਹੋਣਾ, ਕਿਉਂ ਜੋ ਅ-

ਹੀ ਖਿਲਤ ਅਰਥਾਤੁ ਖੂਨ ਵਧ ਜਾਂਦਾ ਹੈ। ਦੇਹ ਅਰ ਜੀਭ ਦੇ ਰੰਗ ਲਾਲ ਹੋਣਾ। ਫੋੜੇ ਫਿਨਸੀਆਂ ਦਾ ਬਹੁਤ ਨਿਕਲਣਾ। ਕਿਉਂ ਜੋ ਤਬੀਅਤ ਵਾਧੂ ਖਿਲਤ ਵਲ ਧਿਆਨ ਕਰਦੀ ਹੈ। ਅਰ ਹੇਠਾਂ ਮਸੂੜਿਆਂ ਆਦਕ ਵਿਚੋਂ ਲਹੂ ਵਗਣਾ।

॥ਬਲਗਮ ਦੇ ਵਾਧੇ ਦੀਆਂ ਨਸ਼ਾਨੀਆਂ। ਸੁਫੈਦੀ। ਸੁਫੈਦ ਨਰਮ ਮਾਹੁਕਿਆਂ। ਅਰ ਸਰਦ ਮਲੂਮ ਮਲੂਮ ਹੋਣਾ ਦੇਹ ਦਾ, ਥੁਕ ਦਾ ਵਾਧਾ, ਰੋਗ ਦਾ ਘਾਟਾ। ਕਿਉਂ ਜੋ ਸਰਦ ਤਰ ਮਾਦਾ ਵਾਧੇ ਵਿਚ ਹੁੰਦਾ ਹੈ, ਪਰ ਸੋਰ ਬਲਗਮ ਵਿਚ ਇਹ ਗਲ ਨਹੀ, ਕਿਉਂ ਜੋ ਸੁਫਰਾ ਦੇ ਮਿਲਣ ਥੋਂ ਸੋਰ ਬਲਗਮ ਵਿਚ ਤ੍ਰੇਹ ਬਾਹਲੀ ਲਗਦੀ ਹੈ। ਜੋ ਸੁਫਰਾਵੀ ਤ੍ਰੇਹ ਥੋਂ ਕੁਝਕ ਘਟ ਹੁੰਦੀ ਹੈ। ਅਰ ਉਸਦਾ ਇਹ ਸਬੂਤ ਹੈ ਕਿ ਠੰਡੇ ਪਾਣੀ ਨਾਲ ਛੇਤ ਨਹੀ ਬੁਝੀਂਦਾ। ਜੇ ਤ੍ਰੇਹ ਰੋਕੀ ਜਾਵੇ ਜਾਂ ਥੋੜਾ ਪਾਣੀ ਪੀਤਾ ਜਾਵੇ ਤਾਂ ਤ੍ਰੇਹ ਘਟ ਜਾਂਦੀ ਹੈ, ਜੇ ਸਤ ਮਾਸੇ ਸੋਂਢ ਪਾਣੀ ਵਿਚ ਘੋਟ ਕੇ ਪਿਲਾਵੇ ਜਾਣ ਤਦ ਤ੍ਰੇਹ ਉਡ ਜਾਂਦੀ ਹੈ। ਨਿਰੋਲ ਸੁਫਰਾ ਦੀ ਤ੍ਰੇਹ ਸੋਂਢ ਨਾਲ ਨਹੀ ਹਟਦੀ। ਉਹ ਠੰਡੀ ਚੀਜਾਂ ਨਾਲ ਹਟਦੀ ਹੈ। ਸਰਦ ਖਿਲਤ ਦੇ ਵਧਣ ਦੀ ਇਕ ਨਿਸਾਨੀ ਹਾਜਮੇਂ ਦਾ ਵਿਗਾੜ ਭੀ ਹੈ। ਕਿਉਂ ਜੋ ਗਰਮੀ ਜੁਸਸ ਹਜਮ ਹੁੰਦਾ ਹੈ। ਖਟੇ ਡਿਕਾਰ ਬਲਗਮ ਦੇ ਵਾਧੇ ਅਰਥਾ ਨਮੀ ਦੇ ਘਾਟੇ, ਬਹੁਤੇ ਸੌਂਣ ਅਰ ਸੁਸਤੀ ਬੁਧ ਦੀ ਆਉਂਦੇ ਹਨ, ਕਿਉਂ ਜੋ ਬਲਗਮ ਦੇ ਜੋਸ਼ ਕਰਕੇ ਰੂਹ ਨਫਸਾਨੀ [illegible]

ਨੂੰ ਰੋਕਦੀ ਹੈ, ਅਰ ਬਾਹਰਲੇ ਸਰੀਰ ਵਲ ਆਉਣ ਥੋਂ ਅਟਕਾਉਂਦੀ ਹੈ, ਇਸੇ ਕਰਕੇ ਨੀਂਦ ਦਬਾਈ ਰਖਦੀ ਹੈ ਅਰ ਬੁਧਵੰਤੋ ਮੋਟੇ ਹੋਣ ਦਾ ਇਹ ਕਾਰਣ ਹੈ, ਕਿ ਸਰਦ ਤਰ ਖਿਲਤ ਦਾ ਵਾਧਾ ਬੁਧ ਨੂੰ ਬਾਹਲਾ ਘਟਾਉਂਦਾ ਹੈ।

ਸੁਫਰਾ ਦੇ ਵਾਧੇ ਦੀਆਂ ਨਸ਼ਾਨੀਆਂ:— ਅਖ ਦੀ ਤਰਲਖੀ ਦੇਹ ਦੇ ਰੰਗ ਦਾ ਪੀਲਾ ਹੋਣਾ, ਹੋਠਾਂ ਦੀ ਖੁਸ਼ਕੀ ਅਰ ਕਰੜਾਈ ਨਕ ਦਾ ਖੁਸ਼ਕ ਰਹਣਾ, ਤ੍ਰੇਹ ਦਾ ਜ਼ੋਰ। ਕਿਉਂਜੋ ਗਰਮੀ ਖੁਸ਼ਕੀ ਵਧਕੇ ਰਤੂਬਤ ਨੂੰ ਨਹੀਂ ਰਹਿਣ ਦੇਂਦੀ ਇਸੇ ਕਰਕੇ ਪਾਣੀ ਦੀ ਭੁੜਕ ਲਗਾਂਦੀ ਹੈ। ਕਿ ਗਰਮੀ ਘਟੇ ਅਰ ਤ੍ਰੀ ਵਧੇ, ਫਮ ਮੇਦਾ ਨੂੰ ਸੁਫਰਾ ਨਰਮ ਅਰ ਸੁਸਤ ਕਰ ਦਿੰਦਾ ਹੈ, ਇਸ ਕਰਕੇ ਭੁਖ ਘਟ ਲਗਦੀ ਹੈ। ਖਿਲਤਾਂ ਦੇ ਪੈਦਾ ਹੋਣ ਦੇ ਹਾਲ ਵਿਚ ਅਸੀ ਕਹਿ ਆਏ ਹਾਂ, ਕਿ ਸੌਦਾ ਦੇ ਫਮ ਮੇਦਾ ਪੁਰ ਡਿਗਣ ਥੋਂ ਭੁਖ ਮਲੂਮ ਹੋਂਦੀ ਹੈ। ਅਰ ਸੌਦਾ-ਸਰਦੀ ਕਸੈਲਾ ਪਨ ਅਰ ਖਟਿਆਈ ਦੇ ਫਮ ਮੇਦਾ ਦੇ ਬੁਗਾਂ ਨੂੰ ਕਠਿਆਂ ਕਰਦਾ ਹੈ, ਅਰ ਉਨ੍ਹਾਂ ਵਿਚ ਜਲੂਨ ਕਰਦ ਹੈ। ਇਸ ਨੂੰ ਭੁਖ ਕਹਿੰਦੇ ਹਨ, ਅਰਥਾਤ ਜਦ ਰਗਾਂ ਕਲੇਜਾ ਅਰ ਮੇਦਾ ਆਦਿਕ ਅੰਗਾਂ ਦੇ ਖਾਲੀ ਹੋਣ ਥੋਂ ਚੂਸਦੇ ਹਨ, ਤਦ ਭੁਖ ਲਗਦੀ ਹੈ। ਅਰ ਆਕੜਾਂ ਉਬਾਸੀ ਆਂਦਹੋਣਾ ਕਿਉਂਜੋ ਤਬੀਅਤ ਭੈੜੇ ਮਾਦੇ ਨੂੰ ਕਢਣਾ ਚਾਹੁੰਦੀ ਹੈ ਸੁਫਰਾ ਦੀ ਭੁਖਾਂ ਦੀ ਸਾਰੇ ਬਦਨ ਵਿਚ ਫਿਰ ਜਾਣ ਥੋਂ ਅਫਰਦੀ ਹੋਣੀ।

ਸੌਦਾ ਦੇ ਜ਼ੋਰ ਦੀਆਂ ਨਸ਼ਾਨੀਆਂ। ਪਤ੍ਰਾਲਿਆਂ ਖ਼ੁਸ਼ਕੀਆ
ਰ ਕਮੂਦ ਹੋਣਾ ਅਧ ਦੇਹ ਦਾ। ਕਾਲਾ ਤੇ ਗਾਹੜਾ ਹੋਣਾ ਖ਼ੂ
ਨ ਦਾ। ਬਹੁਤਾ ਫਿਕਰ। ਮੇਦੇ ਦੀ ਜਲਨ ਅਰ ਭੁਖ ਦੀ
ਤੇਜ਼ੀ ਕਾਲਾ ਜਾਂ ਕਮੂਦ ਜਾਂ ਲਾਲ ਅਤੇ ਗਾਹੜਾ ਹੋਣਾ ਪ
ਸ਼ਾਬ ਦਾ। ਕਾਲਾ ਅਰ ਪੁਰ ਹੋਣਾ ਦੇਹ ਦਾ। [illegible]
ਹੀ ਸੌਦਾ ਦੇਹ ਦਾ ਖ਼ੁਸ਼ਕ ਹੋਣਾ ਖ਼ੁਸ਼ਕੀ ਅਰ ਜਾਮੀਨੀਆਂ ਦੇ
ਦੇ ਹੈ। ਦੇਹ ਦਾ ਕਾਲਾ ਹੋਣਾ ਕਾਫ਼ੀਆਂ ਦੇ ਅਰਥਾਤ ਸੌਦਾ
ਦੇ ਦਾਪੇ ਥੋਂ ਹੈ। ਫਿਕਰ ਇਸ ਕਰਕੇ ਵਧਦਾ ਹੈ ਕਿ ਜਦ
ਸੌਦਾ ਵਧਦਾ ਹੈ ਤਦ ਸੌਦਾ ਦੀ ਬੁਖਾਰ ਉਠ ਕੇ ਰੂਹਨਾ
ਲ ਮਿਲਕੇ ਲਤਾਫਤ ਅਰ ਚਮਕ ਨੂੰ ਘਟ ਕਰਕੇ ਕਲ
ਤ ਪੈਦਾ ਕਰਦਾ ਹੈ। ਅਰ ਹਨੇਰੇ ਦੇ ਪੈਦਾ ਹੋਣ ਥੋਂ ਰੂਹ
ਨੂੰ ਘਬਰਾ ਤੇ ਉਦਾਸੀ ਹੁੰਦੀ ਹੈ। ਫਿਰ ਇਸ ਥੋਂ ਵਿਸਵਾ
ਸ ਅਰ ਫਿਕਰ ਲਗ ਜਾਂਦਾ ਹੈ, ਮੇਦੇ ਦੀ ਜਲਨ ਅਰ
ਝੂਠੀ ਭੁਖ ਦਾ ਕਾਰਨ ਬਹੁਤੇ ਸੌਦਾ ਦਾ ਫਮ ਮੇਦੇ ਪੁਰ ਗਿ
ਰਨਾ ਹੈ। ਪੇਸ਼ਾਬ ਦੀ ਕਲਤਣ ਸੌਦਾ ਦੇ ਜ਼ੋਰ ਕਰਕੇ
ਹੈ। ਪੇਸ਼ਾਬ ਦੀ ਲਾਲੀ ਦਮ ਦੀ ਸੌਦਾ ਦੇ ਜ਼ੋਰ ਕਰਨੇ ਥੋਂ
ਹੁੰਦੀ ਹੈ। ਅਰ ਉਸ ਦਾ ਗਲੀਜ਼ ਹੋਣਾ ਮਾਦੇ ਦੇ ਗਲੀਜ਼
ਕਰਕੇ ਹੈ। ਪਰ ਜਦ ਤੀਕ ਨੁਜ਼ਜ ਪੂਰਾ ਨਾ ਹੋਊ ਪੇਸ਼ਾਬ ਜ
ਰੂਰ ਪਤਲਾ ਹੋਊ ਅਰ ਨੁਜ਼ਜ ਦੇ ਪਿਛੋਂ ਗਾੜੀ ਜੋ ਹੋਊ
ਕਿ ਉਸੇ ਤਬੀਅਤ ਮਾਦੇ ਨੂੰ ਦਫਾ ਕਰਦੀ ਹੈ। ਅਰ ਬਦ
ਨ ਦੇ ਗਾੜ੍ਹੇ ਹੋਣ ਦਾ ਬੀ ਕਾਰਨ ਉਹੋ ਹੈ ਜੋ ਉਤੇ ਲਿਖਿਆ

ਹੈ, ਵਾਲਾਂ ਦਾ ਵਾਧਾ ਭੂਏਂ ਦੇ ਭਸਮਾਂ ਥੋਂ ਹੈ, ਕਿਜੋ ਅਸਲ ਵਿਚ ਹੋਂਦਾ ਹੈ।

ਚੌਥਾ ਕਾਂਡ।

ਪਹਿਲਾ ਧਿਆਇ।

ਨਾੜੀਆਂ ਨਬਜ਼ ਵਿਖੇ।

ਪਹਿਲੇ ਕੁਝ ਗੱਲਾਂ ਜਿਨਾਂ ਦਾ ਨਾੜੀ ਨਾਲ ਸੰਬੰਧ ਹੈ- ਜਾਨਨੀਆਂ ਜ਼ਰੂਰੀ ਹਨ। ਨਬਜ਼ ਦੇਖਣ ਵਾਲਾ ਸੀਤਲ ਪ੍ਰਕ੍ਰਿਤਿ ਅਰ ਬੁਧਮਾਨ ਹੋਣਾ ਚਾਹੀਦਾ ਹੈ, ਅਰ ਉਸਦੀਆਂ ਉਂਗਲਾਂ ਨਰਮ ਹੋਣੀਆਂ ਚਾਹੀਦੀਆਂ ਹਨ। ਨਾੜੀ ਉਸ ਵੇਲੇ ਦੇਖਣੀ ਠੀਕ ਹੈ ਕਿ ਜਦ ਦਿਖਾਉਣ ਵਾਲਾ ਗਮ ਚਿੰਤਾ ਵਿਸਵਾਸ ਬਹੁਤੀ ਖੁਸ਼ੀ ਅਰ ਹੋਰ ਸਾਰੇ ਨਫਸਾਨੀ ਰੋਹਕ ਤੇ ਤਬਈ ਗੱਲਾਂ, ਜੇਹਾ ਕੁ ਥਕਣਾ ਕਸਰਤ ਕਰਨੀ ਹਮਾਮ, ਸੌਣਾ ਜਾਗਣਾ, ਭੁਖ ਅਰ ਸਾਦੀ ਜਦ ਬਹੁਤ ਹੀ ਹੋਣ। ਇਸ ਥੋਂ ਬਾਝ ਜੋ ਚੀਜ਼ ਨਾੜੀ ਦੀ ਪ੍ਰਕ੍ਰਿਤਿ ਦੇ ਉਲਟ ਹੋਵੇ ਦੂਰ ਹੋਣੀ ਚਾਹੀਦੀ ਹੈ, ਕਿਉਂ ਜੋ ਉਪਰ ਲਿਖੀਆਂ ਗੱਲਾਂ ਦੇ ਹੁੰਦਿਆਂ ਭੀ ਨਾੜੀ ਦਾ ਪੂਰਾ ਭਰੋਸਾ ਨਹੀਂ ਹੈ। ਅਰ ਪ੍ਰਕ੍ਰਿਤਿ ਹਰ ਪੁਰਖ ਦੀ ਵੱਖੋ ਵੱਖਰੀ ਹੁੰਦੀ ਹੈ, ਨਾੜੀ ਭੀ ਪ੍ਰਕ੍ਰਿਤਿ ਮੂਜਬ ਆਪਣੀ ਰਫਤਾਰ ਪਕੜਦੀ ਹੈ। ਮੋਟਾ, ਪਤਲਾ, ਉ-

ਮਰ, ਫਸਲ, ਸਨ੍ਹ ਹਵਾ ਦੇ ਫਰਕਥੋਂ ਬੀ ਨਾੜੀ ਦਾ ਹਾਲ ਬਦਲਦਾ ਹੈ, ਇਸ ਲਈ ਪੁਰਾਣੇ ਹਕੀਮਾਂ ਨੇ ਕਹਾ ਹੈ ਕਿ ਨਾੜੀ ਦਾ ਹਾਲ ਪੂਰਾ ੨ ਤਦੋਂ ਮਲੂਮ ਹੁੰਦਾ ਹੈ, ਕਿ ਜਦ ਹਕੀਮ ਨੇ ਇਕ ਆਦਮੀ ਦੀ ਨਾੜੀ ਨੂੰ ਬਹੁਤ ਵੇਰ ਵੇਖਿਆ ਹੋਵੇ, ਅਰ ਉਸਦੇ ਰੋਗਾਂ ਤੇ ਅਰੋਗਤਾ ਥੋਂ ਬੀ ਕਰ ਖਬਰ ਰਖਦਾ ਹੋਵੇ, ਨਾੜੀ ਦੇਤਾਂ ਉਂਗਲੀਆ ਨਾ-ਲ ਦੇਖਣੀ ਹੁੰਦੀ ਹੈ। ਸਜੇ ਹਥ ਦੀ ਨਾੜ ਸਜੇ ਹਥ ਨਾਲ ਤੇ ਖਬੇ ਦੀ ਖਬੇ ਨਾਲ ਦੇਖਣੀ ਚਾਹੀਦੀ ਹੈ। ਬਾਂਹ ਨੂੰ ਵਖੀ ਦੇ ਜੋੜ ਰਖਕੇ ਨਾੜੀ ਦੇਖਣੀ ਚੰਗੀ ਹੁੰਦੀ ਹੈ। ਅਰ ਹਥ ਬਿਲਕੁਲ ਨਾ ਹਿਲੇ ਤੇ ਕਿਸੇ ਚੀਜ਼ ਦੇ ਆਸਰੇ ਨਾ ਹੋਵੇ ਅਰ ਹਥ ਦੇ ਵਿਚ ਕੋਈ ਚੀਜ਼ ਨਾ ਹੋਵੇ ਹਥ ਤੇਲ ਤੇ ਕਿਸੇ ਚੀਜ਼ ਨਾਲ ਭਰਿਆ ਨਾ ਹੋਵੇ ਦੂਜਾ ਹਥ ਧਰਤੀ ਪੁਰ ਨਾ ਟੇਕਿਆ ਹੋਵੇ, ਨਾੜੀ ਦੇ ਦੇਖਣ ਵਾਲਾ ਤੇ ਦਖਾਉਣ ਵਾਲਾ ਦੋਵੇਂ ਬੈਠੇ ਹੋਣ, ਤੇ ਰੋਗੀ ਤਕੀਏ ਥੋਂ ਬਿਨ ਬੈਠੇ, ਹਕੀਮ ਨੂੰ ਚਾਹੀਦਾ ਹੈ ਕਿ ਹਥ ਫੜਦਿਆਂ ਹੀ ਪਹਿਲੇ ਕੁਦਰਤ ਅਤੇ ਕਮਜੋਰੀ ਦੇਖੇ। ਜੇ ਨਬਜ਼ ਕੁਵਤ ਵਾਲੀ ਹੋਵੇ ਤਦ ਉਂਗਲਾਂ ਨੂੰ ਜਰਾ ਦਬਾ ਕੇ ਰਖੇ। ਅਰ-ਹਾਲ ਮਲੂਮ ਕਰੇ, ਨਹੀਂ ਤਾਂ ਉਂਗਲਾਂ ਨੂੰ ਬਹੁਤ ਨਰਮ ਰਖੇ, ਕਿਉਂ ਜੋ ਕਮਜੋਰ ਨਾੜੀ ਜੋਰ ਨਾਲ ਦਬਾਇਆਂ ਹਰਕਤ ਨਹੀਂ ਕਰਦੀ। ਅਰ ਕੁਝ ਪਤਾ ਨਹੀਂ ਲਗਦਾ, ਚਾਹੀਦਾ ਹੈ ਕਿ ਨਾੜੀ ਤੀਹ ਨਬਜ਼ੇ। ਨਾੜੀ

ਦੀ ਹਰਕਤ ਜੋ ਕਟਦੇ ਮਲੂਮ ਹੁੰਦੀ ਹੈ। ਜੇ ਰੋਗੀ ਪੌਂਤੀ ਸਕ
ਲੇ ਦੀਆਂ ਉਂਗਲੀਆਂ ਨਾੜੀ ਪੁਰ ਰਖੇ, ਜੋ ਇਨੇ ਵਿਚ ਕਿ
ਚ ਨਾੜੀ ਦਾ ਬਹੁਤਾ ਹਾਲ ਮਲੂਮ ਹੋ ਜਾਂਦਾ ਹੈ, ਇਸ ਸੰਬੰਧ
ਦ ਵਿਚ ੧੨ ਨਬਜਾਂ ਹੈਂ, ਭਾਵੇਂ ਇਹ ਗਲ ਕਦੀ ਹੈ ਸਕ
ਦੀ ਕਿ ਥਾਂਤਾਂ ਜਾਂ ਤੀਹ ਨਬਜਿਆਂ ਵਿਚ ਨਰਮੀ ਵਿ ਸਖ
ਤੀ ਸਖਤੀ ਥੋਂ ਨਰਮੀ ਖਾਲੀ ਥੋਂ ਭੁਰ ਜਾਣਾ ਭੁਰੇ ਥੋਂ ਖਾ
ਲੀ ਹੋਣਾ ਹੋ ਸਕੇ ਪਰ ਇਹ ਹੋ ਸਕਦਾ ਹੈ ਕਿ ਸਰਦੀ ਥੋਂ ਗ
ਰਮੀ ਵਡੀ ਥੋਂ ਛੋਟੀ, ਫਰਕ ਅਰ ਕ੍ਰਮ ਵਧੇ ਵਧਣੇ ਹੋ ਜਾਣ
ਇਕਰ ਕੁਵਤ ਕਮਜੋਰੀ ਪਹਲਾ ਪਿਛਾ ਵਿਚ ਬੀ ਫਰਕ
ਹੋ ਸਕਦਾ ਹੈ ਹਕੀਮ ਨੂੰ ਲੋੜੀਦਾ ਹੈ ਕਿ ਰੋਗੀ ਦੀ ਆਉ
ਦਿਆਂ ਹੀ ਨਾੜੀ ਨਾ ਵੇਖੇ ਅਰ ਮੇਹਰ ਬਾਨੀ ਕ੍ਰਿਪਾ ਮਹ
ਬਤ ਨਾਲ ਦਿਲਦਾਰੀ ਕਰੇ, ਜਦ ਉਸ ਦਾ ਘਬਰਾਹਟ
ਅਰ ਹਵਾਸ ਠੀਕ ਹੋਣ ਤਦ ਨਾੜੀ ਵੇਖੇ। ਕਿਉਂਕਿ ਤਜਰਬ
ਹ ਆਜਿਹਾ ਹੋਇਆ ਹੈ ਕਿ ਰੋਗੀ ਹਕੀਮ ਨੂੰ ਵੇਖਦੇ ਹੀ ਕ
ਦੀ ਬਹੁਤ ਖੁਸੀ ਅਰ ਕਦੀ ਸੁਰਮਤੇ ਭੁਰ ਮਲੂਮ ਕਰਦਾ
ਹੈ, ਅਜਿਹੇ ਵੇਲੇ ਨਾੜੀ ਵੇਖੀ ਜਾਵੇ ਤਦ ਪਤਾ ਨਹੀਂ ਲਗਦਾ
ਚਾਹੀਦਾ ਹੈ ਕਿ ਹਕੀਮ ਤੇ ਰੋਗੀ ਹਲ ਚਲ ਨਾ ਕਰਨ, ਅਰ
ਮਕਾਨ ਵਿਚ ਰੌਲਾ ਨਾਂ ਅਵਾਜ਼ ਆਦਿਕ ਖਪ ਨਾ ਹੋਵੇ ਅ
ਰ ਕੋਈ ਹੋਰ ਫਸਤ ਤਬੀਅਤ ਨੂੰ ਉਦਾਸ ਕਰਨ ਵਾਲੀ ਬੀ
ਨਾ ਹੋਵੇ। ਕਿਉਂਕਿ ਨਾੜੀ ਦਾ ਹਾਲ ਭੁਲੇ ਮਤਲਬ ਨੂੰ ਭੁਲਾਵੇ
ਹੁੰਦਾ ਹੈ ਅਰ ਮਤਲਬ ਬਿਨਾ ਬਾਤ ਦੇ ਸਿਧ ਹੋਏ ਨਹੀਂ ਹੁੰ

ਪ੍ਰਕ ਨਾਲੀ ਦਾ ਹਾਲ ਸੁਨੋ।

ਨਾਲੀ ਵਿਚ ਵਗਣਿਆਂ ਹਰਕਤ ਹੈ ਸਰਾਈਨਾ ਦਾ ਸਤੇ। ਏ
ਹ ਹਰਕਤ ਇਨ੍ਹਾਂ ਕਾਰਨ ਅਰ ਇੰਬਸਾਤ ਥੋਂ ਜਿਸਤ ਹੈ।
ਇਸਦਾ ਗੁਣ ਇਹ ਹੈ ਕਿ ਰੂਹ ਹੈਵਾਨੀ ਨੂੰ ਰੋਜ਼ ਪੁਚਾਉਂਦੀ
ਹੈ ਅਰ ਮੁਰਦੀ ਹਵਾ ਨੂੰ ਕੂਸਦੀ ਹੈ, ਉਸਦੇ ਫੁਲਣੇ ਅ
ਰ ਬਹੁਤ ਸੁਕੜਨ ਵਾਲਾ ਸੁਖਾਂ ਨੂੰ ਕਢ ਦਿੰਦੀ ਹੈ।
ਇਸ ਨਾਲੀਆਂ ਦਾਸ ਤਰ੍ਹਾਂ ਹਨ ਪ੍ਰਾਣੀ ਅਕਦਾਰ। (ਵਿਤ੍ਰ) ਉ
ਸਦੀ ਨੌ ਤਰਾਂ ਹਨ, ਲੰਮੀ, ਛੋਟੀ ਮੋਤਦਿਲ, ਚੌੜੀ, ਤੰਗ,
ਮੋਤਦਿਲ, ਉਚੀ, ਨੀਵੀਂ, ਮੋਤਦਿਲ।
ਜੋ ਇਹ ਨੌ ਤਰਾਂ ਆਪਸ ਵਿਚ ਮਿਲਤ ਕੀਤੀਆਂ ਜਾਣ ਤਾ
ਸਤਾਈ ਤਰਾਂ ਹਨ। ਪਰ ਜੋ ਨਾੜੀ ਤਿਨਾਂ ਕਤਾਰਾਂ ਵਿਚ ਦਰ
ਮਿਆਨੇ, ਉਸ ਦਾ ਨਾਉਂ ਦਰਮਿਆਨੀ, ਅਰ ਜੋ ਲਾਇਕ ਹੈ ਤਿਨਾਂ ਕਤਾ-
ਰਾਂ ਵਿਚ ਉਹ ਨਿਕੀ ਹੈ।

ਦੂਸਰਾ ਹਾਲ ਜੋ ਉਂਗਲੀਆਂ ਦੀ ਜਰਬ ਥੋਂ ਕਿ ਕੁਦਰਤ
ਦੀ ਹੈ ਜਾਂ ਕਮਜੋਰ ਹੈ ਜਾਂ ਮੋਤਦਿਲ। ਤੀਜੇ ਹਰਕਤ ਦੇ ਸਮੇ
ਥੋਂ ਕਿ ਤੇਜ (ਸਰੀਆ) ਸੁਸਤ (ਬਤੀ) ਜਾਂ ਮੋਤਦਿਲ।

(੧) ਹਰਕਤ ਚਾਰ ਪ੍ਰਕਾਰ ਦੀ ਹੈ। ਇਕ ਮਕਾਨੀ, ਜਿਹਾ ਇਕ ਥਾਂ
ਤੇ ਦੂਜੀ ਥਾਂ ਦਾ ਜਾਣਾ। ਦੂਜੀ ਕੈਫੀਅਤੀ ਅਰਥਾਤ ਹਾਲ
ਬਦਲ ਜਾਣਾ ਜਿਹਾ ਗਰਮ ਪਾਣੀ ਸਰਦ ਹੋ ਜਾਵੇ, ਤੀਜੇ ਮਿ
ਕਦਾਰ ਵਿਚ ਘਾਟਾ ਵਾਧਾ, ਜਿਹਾ ਬਾਲਕ ਦਾ ਜਵਾਨ ਹੋਣਾ। ਚੌਥੇ
ਵਜ਼ੀ ਅਰ ਹਰਕਤ ਕਰਨ ਵਾਲੇ ਥਾਂ ਦਾ ਹਰਕਤ ਕਰਨ ਵਾ
ਲੇ ਨੂੰ ਛਡ ਜਾਂਦੇ ਹਨ, ਪਰ ਉਹ ਥਾਂ ਨਹੀਂ ਛਡਦੇ ਜਿਹਾ ਚਕੀ।

ਹੋਇ ਕਿ ਦਾਅ ਨਾੜੀਆਂ ਦਾ ਕਿ ਸਖ਼ਤ ਹੈ ਨਰਮ ਜਾਂ ਮੋਤਾਦਿਲ।
ਕੀ ਵਿਹਾਲ ਜੋ ਛੋਹਣੇ ਵਿਆਂ ਮਲੂਮ ਹੁੰਦਾ ਹੈ ਕਿ ਗਰਮ ਹੈ ਸਰ
ਦ ਹੈ ਜਾਂ ਮੋਤਾਦਿਲ। ਸਤਵੇਂ ਅੰਦਰਲੀ ਵਸਤੂ ਬਤ ਦੇ ਮਿਕਦਾਰ
ਥੋਂ ਕਿ ਨਾੜੀ ਭਰੀ ਹੋਈ ਹੈ, ਖਾਲੀ ਹੈ ਜਾਂ ਵਿਚਲਾ ਮੇਲ ਹੈ,
ਅਠਵੇਂ ਹਾਲਾਂ ਦਾ ਫਰਕ ਅਰ ਇਕੋ ਜੇਹੇ ਹੋਣ ਥੋਂ ਕਿ ਨਾ
ੜੀ ਅਪਣੇ ਸਾਰੇ ਹਾਲਾਂ ਵਿਚ ਇਕੋ ਜੇਹੀ ਚਲਦੀ ਹੈ
ਕਿ ਫਰਕ ਨਾਲ। ਨੌਵੇਂ ਬੰਦੋ ਬਸਤ ਦੇ ਫਰਕ ਜਾਂ ਬੰਦੋਬਸ
ਤ ਦੇ ਨਾ ਹੋਣ ਥੋਂ ਕਿ ਨਾੜੀ ਦੇ ਬੰਦੋ ਬਸਤ ਵਿਚ ਫਰਕ ਹੈ
ਜਾਂ ਨਾੜੀ ਦਾ ਬੰਦੋ ਬਸਤ ਹੀ ਨਹੀਂ। ਇਹ ਅਠਵੀਂ ਭਾਂਤ
ਦੇ ਤਾਬੇ ਹੈ, ਇਸ ਕਰਕੇ ਨੌਂ ਭਾਂਤਾ ਹੋਈ ਲੋੜੀਦੀ ਆਠਨ
ਦਸਵੇਂ ਤੋਲ ਥੋਂ ਜੋ ਨਾੜੀ ਠੀਕ ਤੋਲ ਉਤੇ ਹੈ ਯਾ ਨਹੀਂ ਹੈ।
ਇਹ ਤਿੰਨ ਪ੍ਰਕਾਰ ਦੀ ਹੈ ਇਕ ਤੋਲ ਦਾ ਵਧ ਜਾਣਾ ਜਿਹਾ ਕੁ
ਬਚੇ ਦੀ ਜੁਆਨ ਦੀ ਨਬਜ਼ ਹੋਵੇ। ਦੂਜੇ ਤੋਲ ਦਾ ਵਖਰਾ ਹੀ ਹੋ
ਣਾ, ਜਿਹਾ ਕੁ ਬਚੇ ਦੀ ਬੁਢੇ ਵਰਗੀ ਨਾੜੀ ਹੋਵੇ। ਤੀਜੇ ਵਜ
ਨ ਥੋਂ ਬਾਹਰ, ਇਹ ਨਾੜੀ ਕਿਸੇ ਉਮਰ ਦੀ ਨਾੜੀ ਵਰਗੀ
ਨਹੀਂ ਹੁੰਦੀ, ਇਹ ਸਭ ਭਾਂਤਾਂ ਥੋਂ ਭੈੜੀ ਹੈ ਹੁਣ ਅਸੀਂ ਨਾ
ੜੀ ਦੇ ਕਾਰਣ ਦਸਦੇ ਹਾਂ। ਜਾਣਨਾ ਚਾਹੀਏ ਕਿ ਗਰੀਜ਼ੀ ਗ
ਰਮੀ ਦੇ ਅਰਾਮ ਵਾਸਤੇ ਨਾੜੀ ਵਲ ਲੋੜ ਪੈਂਦੀ ਹੈ ਬਸ
ਜੋ ਲੋੜ ਬਹੁਤੀ ਹੋਵੇ, ਬਹੁਤੀ ਗਰਮੀ ਦੇ ਕਾਰਨ ਅਰ ਰਗ
(ਨਾੜ) ਨਰਮੀ ਦੇ ਕਾਰਨ ਤਾਬੇ ਹੋਵੇ ਅਰ ਕੁਵਤ ਮਦਦ
ਕਰਨ ਵਾਲੀ ਹੋਵੇ ਤਦ ਨਾੜੀ ਵਡੀ (ਅਜ਼ੀਮ) ਹੋਵੇਗੀ

੧੬ ਜੇਕੋਈ ਇਸਥੋਂ ਭੀ ਵਧ ਜਾਵੇ ਤਦ ਨਾੜੀ ਅਸਰਾ (ਬਹੁ
ਤ ਤੇਜ਼) ਹੋਵੇਗੀ, ਜੇ ਗਰਮੀ ਬਹੁਤ ਹੋਵੇ ਤਦ ਨਾੜੀ ਬ
ਡਾਬਰ ਹੋਊ, ਜੇ ਰਗ ਸਖ਼ਤ ਹੋਵੇ ਤਦ ਅਸਰਾ ਹੋਊ
ਨਾਲ ਸਗਾਰ (ਨਿੱਕੀ) ਦੇ ਅਰ ਫੇਰ ਮੁਤਵਾਤਰ (ਬਾਰ੍ਹ
ਜੇ ਕੁਵਤ ਕਮਜ਼ੋਰ ਹੋਵੇ ਤਦ ਸਗਾਰ ਦੇ ਨਾਲ ਮੁਤਵਾਤਰ
ਹੋਊ, ਅਰ ਇਹ ਸਗਾਰ ਜ਼ਰਬ ਦੇ ਸਗਾਰ ਥੋਂ ਵਧ ਹੁੰਦ
ਹੈ ਕਦੀ ਨਾੜੀ ਕੁਵਤ ਦੇ ਦਬੀਉਣ ਥੋਂ ਸਗੀਰ ਹੁੰਦੀ ਹੈ
ਭਾਵੇਂ ਅਸਲ ਵਿਚ ਕੁਵਤ ਹੋਵੇ। ਜਿਹਾ ਕੁ ਸੁਰੂ ਵਿਚ ਨ
ਬਜ਼ ਦੀ ਨਰਮੀ ਰਤੂਬਤ ਕਰਕੇ ਹੈ, ਅਰ ਉਸ ਦੀ ਸਖ਼
ਤੀ ਖੁਸ਼ਕੀ ਕਰਕੇ ਹੈ। ਕਦੀ ਮਾਦੇ ਦੇ ਕਿਸੇ ਪਾਸੇ ਦਫ਼ਾ
ਕਰਨ ਥੋਂ ਤਪ ਵਿਚ ਸਖ਼ਤ ਹੋ ਜਾਂਦੀ ਹੈ, ਨਬਜ਼ਾਂ ਨਾੜੀ
ਦਾ ਫਰਕ ਮਾਦੇ ਦੇ ਬੋਝਲ ਹੋਣ ਥੋਂ ਹੈ ਜਾਂ ਸੁਦੇ ਥੋਂ ਅਰ
ਉਸ ਦਾ ਬਹੁਤ ਹੋਣਾ ਪੂਰੇ ਅਰ ਠੀਕ ਤੋਲ ਵਿਚ ਫਰਕ
ਪਾਉਂਦਾ ਹੈ। ਨਾੜੀ ਦੇ ਹੋਰ ਕਈ ਨਾਉਂ ਹਨ, ਜੋ ਹੁਣ ਦ
ਸਦੇ ਹਾਂ। ਅਨਸਾਰੀ ਉਹ ਨਾੜੀ ਹੈ ਕਿ ਸਰੀਆ ਮੁਤਵ
ਤਰ ਵਧੇ ਵਖਰੇ ਭਾਗਾਂ ਵਾਲੀ ਹੋਵੇ, ਉਚੀ, ਨੀਵੀਂ, ਪ
ਹਲਾਂ ਪਿੱਛੋਂ, ਅਤੇ ਸਖ਼ਤੀ ਨਰਮੀ ਵਿਚੋ ਅਨਸਾਰੀ ਵ
ਗੀ ਹੈ, ਪਰ ਇਹ ਬਹੁਤ ਨਰਮ ਹੈ। ਦੂਜੀ ਜੋ ਮੌਜੀ
ਵਰਗੀ ਹੈ ਪਰ ਇਹ ਸਗੀਰ ਹੁੰਦੀ ਹੈ। ਨਮਲੀਦੂ
ਦੀ ਵਰਗੀ ਹੁੰਦੀ ਹੈ, ਪਰ ਇਹ ਬਹੁਤ ਸਭੀਰ ਹੁੰਦੀ
ਹੈ, ਇਸ ਵਿਚ ਤਦਾਤਰ ਅਰ ਕਮਜ਼ੋਰੀ ਭੀ ਬਹੁਤ ਹੁੰਦੀ

ਹੈ, ਜਨਬ ਉਲਕਾਰੀ ਉਹ ਨਾੜ੍ਹੀ ਹੈ ਕਿ ਇਕ ਅਕਦਾਮੋਂ
ਵਧਦੀ ਜਾਂ ਘਾਟਦੀ ਹੈ, ਅਤੇ ਉਸੇ ਪਹਿਲੇ ਅਕਦਾਰ
ਵਲ ਆਉਂਦੀ ਹੈ, ਅਰ ਕਿ ਜੋ ਪਹਿਲੀ ਅਕਦਾਰ ਦੇ ਪ-
ਰਲੇ ਪਾਸੇ ਰਹਿ ਜਾਂਦੀ ਹੈ, ਏਹ ਬਹੁਤ ਭੈੜੀ ਹੈ। ਮੁਤਰ-
ਕੀ ਉਹ ਹੈ ਕਿ ਉਂਗਲਾਂ ਨੂੰ ਕਦਦੀ ਹੋਈ ਮਲੂਮ ਹੋਵੇ,
ਫੀਦ ਫਤੂਰਤ ਉਹ ਹੈ ਕਿ ਜੋ ਹਰਕਤ ਵੇਲੇ ਹਰਕਤ
ਨਾ ਕਰੇ। ਦਾਇਰਿਆ ਫਿਲ ਵਸਤ ਕਿ ਜਿਸ ਵਿਚ ਹ-
ਰਕਤ ਨਾ ਕਰਨੇ ਦੇ ਵੇਲੇ ਹਰਕਤ ਹੁੰਦੀ ਹੈ।

ਦੂਜਾ ਧਿਆਉ।

ਪੇਸ਼ਾਬ ਦੀਆਂ ਭਾਂਤਾਂ ਦਾ ਵਰਣਨ।

ਜੇ ਕੋਈ ਰੰਗਦਾਰ ਚੀਜ਼ ਨਾ ਖਾਧੀ ਜਾਵੇ ਤਦ ਪੇਸ਼ਾ-
ਬੋਂ ਦੇਹ ਦਾ ਹਾਲ ਮਲੂਮ ਹੁੰਦਾ ਹੈ। ਪੇਸ਼ਾਬ ਦੇ ਅਸੂਲ
ਜ਼ਾਂ ਨੇਮ ਪੰਜ ਹਨ ਪਹਿਲੇ ਪਿਲਤਨ ਦੂਜੇ ਲਾਲੀ, ਤੀਜੇ
ਸਬਜ਼ੀ, ਚੌਥੇ ਕਾਲਤਨ, ਪੰਜਵੇ ਸੁਫੈਦੀ। ਸਿਫਰਤ ਅ-
ਰਬਾਤ ਪੀਲਤਨ ਛੇ ਪ੍ਰਕਾਰ ਦੀ ਹੈ। ਪਹਿਲੇ ਬਤੂਨੀ ਜੋ
ਜਿਗਰ ਦੇ ਹਜ਼ਮ ਦੇ ਕਸੂਰ ਥੋਂ। ਬਤਨੀ ਇਕ ਰੰਗ ਹੈ
ਜਿਦਾ ਜੋ ਪੀਲੀ ਭਾ ਮਾਰਦਾ ਹੈ। ਦੂਜੀ ਉਤਰਜੀ, ਹਜ਼ਮੇ
ਦੇ ਠੀਕ ਹੋਣ ਥੋਂ। ਤੀਜੇ ਸੰਦਲੀ, ਇਹ ਖ਼ਾਲਸੀ ਹੀ ਜਿ-
ਸ ਨਾਲ ਹੈ। ਪੰਜਵੇ ਨਾਰੀ ਕਿ ਨਾਰੰਗੀ ਥੋਂ ਕਾਕਾ ਚਿ-
ਚ ਦਾ ਪੈ, ਛੀਵੇਂ ਕੇਸਰੀ ਕਿ ਨਾਰੀ ਥੋਂ ਵਧਕੇ ਗਾ-

੧੮ ਸੀਦੀ ਨਿਸ਼ਾਨੀ ਹੈ, ਦੂਜੇ ਅਸਲੀ ਰੰਗਤ ਲਾਲੀ ਹੁੰਦੀ
ਹ ਚਾਰ ਪ੍ਰਕਾਰਦੀ ਹੈ। ਇਕ ਅਸੁਰਾਬ ਖੂਨ ਦੇ ਵਧ
ਣ ਦੀ ਦਲੀਲ ਹੈ, ਦੂਜੀ ਗੁਲਾਬੀ ਇਸ ਵਿਚ ਅਸ
ਰਾਬ ਨਾਲੋਂ ਲਾਲੀ ਵਧ ਹੁੰਦੀ ਹੈ। ਤੀਜੀ ਸੁਰਖੀ ਇਸ
ਵਿਚ ਲਾਲੀ ਬਹੁਤ ਹੀ ਹੁੰਦੀ ਹੈ। ਚੌਥੇ ਕਿਰਮਚੀ
ਇਨਾਂ ਵਿਚੋਂ ਹਰਏਕ, ਪਹਲੀ ਨਾਲੋਂ ਦੂਜੀ ਵਧ ਗਰ
ਮ ਹੈ। ਅਸਲ ਤੀਜੀ ਸਬਜੀ ਉਹ ਪੰਜ ਤਰਾਂ ਦੀ ਹੈ
ਪਹਲੇ ਪਿਸਤੇ ਰੰਗੀ, ਸਰਦੀ ਦੀ ਨਿਸ਼ਾਨੀ ਹੈ। ਦੂਜੀ
ਅਸਮਾਨੀ, ਤੀਜੀ ਨੀਲੀ, ਇਨਾਂ ਵਿਚੋਂ ਹਰ ਏਕ ਪਾ
ਲੀ ਨਾਲੋਂ ਵਧੀਕ ਸਰਦ ਹੈ, ਮੂਤ੍ਰਿਆਂ ਦੇ ਪਿਸ਼ਾਬ ਦਾ
ਰੰਗ ਪਿਸਤੇ ਵਰਗਾ ਜਾਂ ਨੀਲਾ ਹੋਣਾ ਬਹੁਤ ਹੀ ਬੁਰਾ
ਹੈ। ਕਿਉਂ ਜੋ ਦੋਵੇਂ ਰੰਗ ਫਾਲਜ ਦੀ ਨਿਸ਼ਾਨੀ ਹੈ। ਕਿ
ਉਂਜੋ ਬਾਲਾਂ ਦੇ ਪਠੇ ਕਮਜ਼ੋਰ ਅਰ ਇਨ ਮਸਾਧੀਆਂ
ਆਦ ਦੇ ਕੰਮ ਭੂਲ ਕਰਨ ਵਾਲੇ ਹੁੰਦੇ ਹਨ, ਬਸ ਜਦ ਮੂਆ
ਦ ਮੁਤਲਾ ਹੋਊ ਤਦ ਫਾਲਜ (ਅਧਰੰਗ) ਅਰ ਅਸੂਰ
ਖਾਦਾ ਭੂਰ ਹੋ ਜਾਊ। ਜੇ ਕਿਧਰੇ ਗਾਲੀਜ ਹੋ ਜਾਵੇ ਤਦ ਤ
ਸੁਨਜ (ਸਰੀਰ ਦਾ ਖਿਚਣਾ) ਹੋ ਜਾਂਦਾ ਹੈ। ਚੌਥੇ ਰੰਗਦਾ ਰੰ
ਗ ਇਸਦੀ ਕਾਲਤਣ ਨੀਲ ਨਾਲੋਂ ਵਧ ਹੁੰਦੀ ਹੈ, ਅਰ
ਪਿਲਤਣ ਘਟ। ਇਹ ਸਖਤ ਇਤ੍ਰਾਕ ਦੀ ਨਿਸ਼ਾਨੀ
ਹੈ, ਇਤ੍ਰਾਕ ਦੇ ਪੰਜ ਕਾਰਣ ਹਨ, ਜੋ ਖਿਲਤਾਂ ਦੇ ਹਾ
ਲ ਵਿਖੇ ਦਸੇ ਗਏ ਹਨ, ਪੰਜਵੇਂ ਜੋ ਗਾਲੀ ਇਹ ਬੀਸ

ਖ਼ਤ ਇਤ੍ਰਾਕ ਦੀ ਨਿਸ਼ਾਨੀ ਹੈ, ਜਿਸਨੂੰ ਇਹ ਹੋਵੇ ਉਹ
ਤੁਰਤ ਮਰ ਜਾਂਦਾ ਹੈ।
ਅਸਲ ਚੌਥੀ ਸੌਦਾ ਅਰ ਉਸਦੇ ਚਾਰ ਭਾਗ ਹਨ, ਇਕ
ਕਾਲਾ ਜੋ ਪਹਿਲੇ ਕੇਸਰੀ ਹੋਵੇ ਅਰ ਫੇਰ ਕਾਲੇ ਫੜ ਲਵੇ
ਇਹ ਉਸ ਸੌਦਾ ਦੀ ਦਲੀਲ ਹੈ ਜੋ ਸੁਫਰਾ ਥੋਂ ਹਾਸਲ ਹੋ
ਇਆ ਹੋਵੇ। ਦੂਜੇ ਕਾਲਾ ਜੋ ਲਾਲ ਰੰਗ ਥੋਂ ਹੋਇਆ ਹੋ
ਵੇ, ਇਹ ਦਸਵੀਂ ਸੌਦਾ ਦੀ ਨਿਸ਼ਾਨੀ ਹੈ, ਇਸ ਦਾ ਹਾ
ਲ ਖਿਲਤਾਂ ਦੇ ਹਾਲ ਵਿਚ ਲਿਖਿਆ ਗਿਆ। ਤੀਜੇ ਇ
ਹ ਕਾਲਾ ਰੰਗ ਜੋ ਪਹਿਲੇ ਸਾਵਾ ਹੋਵੇ ਫੇਰ ਕਾਲਾ ਹੋ ਜਾਵੇ
ਇਹ ਨਿਰੋਲ ਸੌਦਾ ਦੀ ਨਿਸ਼ਾਨੀ ਹੈ, ਚੌਥੇ ਕਾਲਾ ਜੋ ਚਿਟੇ
ਥੀ ਹੋਇਆ ਹੋਵੇ, ਅਰਥਾਤ ਬਲਗਮ ਕਰਕੇ ਚਿਟਾ ਹੁੰ-
ਦਾ ਹੈ, ਇਹ ਬਲਗਮੀ ਸੌਦਾ ਦੀ ਨਿਸ਼ਾਨੀ ਹੈ, ਭਾਂਵੇਂ ਜਮ
ਥੇ ਹੋਵੇ ਭਾਂਵੇਂ ਇਤ੍ਰਾਕੀ।
ਅਸਲ ਪੰਜਵੀਂ ਸੁਫੈਦ, ਇਸਦੀਆਂ ਦੋ ਕ੍ਰਾਂਤਾ ਹਨ, ਇ
ਕ ਪਤਲਾ ਸਾਫ ਜੋ ਸਰਦੀ ਅਰ ਪਚ ਪਕਣ ਦੀ ਨਿਸ਼ਾਨੀ
ਹੈ। ਦੂਜੇ ਅਸਲੀ ਚਿਟਾ, ਇਸ ਦੇ ਕਈ ਕਾਰਣ ਹਨ, ਇਕ-
ਚਿਟਾ ਦੁਧ, ਇਹ ਕਚੀ ਬਲਗਮ ਦੇ ਵਾਧੇ ਦੀ ਨਿਸ਼ਾਨੀ ਹੈ,
ਦੂਜੇ ਬਸਾਂਦਾ ਰੰਗ, ਕਿ ਪਿਸ਼ਾਬ ਦੀ ਰਿਹਾਸ਼ ਚਰਬੀ ਦੇ ਇ
ਦਾਸ ਕੇਰੰਗੀ ਹੋਵੇ, ਇਹ ਚਰਬੀ ਆਂ ਜਮਿਨ ਦੇ ਗਾਲਨ ਦੀ
ਨਿਸ਼ਾਨੀ ਹੈ। ਇਹ ਬਾਹਲਾ ਇਕ ਤਪ ਦੇ ਦੂਜੇ ਦਰਜੇ ਵਿਚ
ਹੁੰਦਾ ਹੈ। ਤੀਜੇ ਪਿਸ਼ਾਬ ਦੀ ਰਿਹਾਸ਼ ਪੋਸਤ ਦੀ ਤਰਾਂ ਹੋਵੇ

ਅਰ ਕਦਾਮ ਗਾਲੀਜ਼। ਇਹ ਬਲਗਮ ਤੇ ਚਰਬੀ ਦੇ
ਦਾਧੇ ਦੀ ਨਿਸ਼ਾਨੀ ਹੈ। ਚੌਥੇ ਬੂਯਾਹੀ ਰੰਗ। ਇਹ ਦੋ ਪ੍ਰ
ਕਾਰ ਦਾ ਹੈ, ਇਕ ਮਾਹਉਲਦਾ, ਦੂਜੇ ਅਦੀਮ ਉਲਦ
ਪਹਿਲੇ ਪੇਸ਼ਾਬ ਦੀ ਇੰਦਰੀ ਦੇ ਜ਼ਖਮਾਂ ਦੀ ਨਿਸ਼ਾਨੀ ਹੈ
ਦੂਜੇ ਮਸਾਨੇ ਦੀ ਪਥਰੀ ਯਾ ਕਚੇ ਮਾਦੇ ਦੀ ਨਿਸ਼ਾਨੀ
ਹੈ। ਪੰਜਵੇਂ ਮਨੀ ਵਰਗਾ ਪੇਸ਼ਾਬ। ਇਸ ਦਾ ਕਾਰਣ ਲੇਸ
ਦਾਰ ਚਿਟਾ ਮਾਦਾ ਹੈ, ਜੋ ਗਰਮੀ ਨੇ ਉਸ ਨੂੰ ਮਨੀ ਵਰਗਾ
ਕਰ ਦਿਤਾ ਹੈ, ਇਹ ਦੋ ਪ੍ਰਕਾਰ ਦਾ ਹੈ। ਪਹਿਲੇ ਉਹ ਕਿ ਉਹ
ਰੋਗ ਜੋ ਇਸ ਖਰਾਬੀ ਦਾ ਕਾਰਣ ਹੋ ਜਾਣ, ਫੇਰ ਇਹ
ਪੇਸ਼ਾਬ ਆਵੇ। ਇਸ ਦੇ ਤਿਨ ਕਾਰਣ ਹਨ, ਇਕ ਇਹ ਹੈ
ਕਿ ਮਾਦਾ ਬਹੁਰਾਨ ਦੀ ਤਰਾਂ ਪੇਸ਼ਾਬ ਦੇ ਰਸਤੇ ਨਿਕਲੇ
ਅਰ ਪੇਸ਼ਾਬ ਨੂੰ ਮਨੀ ਵਰਗਾ ਕਰ ਦੇਵੇ, ਜਿਹਾ ਕੂ ਬਹੁਰਾ
ਨ ਅਰ ਬਲਗਮੀ ਵਿਚ ਬਹੁਰਾਨ ਕਦੀ ਨਹੀ ਹੁੰਦਾ ਪ
ਰ ਪਕ ਜਾਣ ਥੋਂ ਪਿਛੋਂ, ਅਰ ਬਲਗਮ ਜਦ ਪਕ ਜਾਂਦੀ
ਹੈ ਮਨੀ ਦੀ ਤਰਾਂ ਹੋ ਜਾਂਦਾ ਹੈ। ਦੂਜੇ ਉਹ ਜੋ ਬਹੁਰਾਨ
ਦੀ ਤੌਲ ਪੂਰ ਨਾ ਹੋਵੇ, ਜਾਂ ਤੁਨਕੀਆਂ ਦੀ ਤਰਾਂ ਹੋਵੇ ਤ
ਰਹਲ ਅਹਜ਼ਾ ਦੇ ਵਧ ਜਾਣ ਥੋਂ, ਅਰ ਤਰਹਲ ਅਹਜ਼ਾ
ਬਲਗਮੀ ਰਤੂ ਘਟ ਥੋਂ ਵਧਦਾ ਹੈ ਅਰ ਇਹ ਰਤੂ ਬਤ ਅੰਗ
ਦੇ ਖੂਨ ਨਾਲ ਮਿਲਨ ਥੋਂ ਅੰਗਾ ਦੇ ਜੌਹਰ ਵਰਗੀ ਹੋ ਜਾਂ-
ਦੀ ਹੈ, ਪਰ ਗੰਦੀ ਹੋਣ ਕਰਕੇ ਅੰਗਾ ਦੇ ਨਾਲ ਸ਼ਾਮਲ ਤ
ਨਹੀਂ ਹੋ ਜਾਂਦੀ, ਵਖਰੀ ਰਹਿੰਦੀ ਹੈ, ਅਰ ਤਰਹਲ ਮੇਦ

ਕਰਦੀ। ਫੇਰ ਜਦ ਤਬੀਅਤ ਪੇਸਾਬ ਜਾਰੀ ਹੋਣ ਦੀ ਤੌਂ
ਜਰੂਰਤ ਨਕੀਆ ਕਰਦੀ ਉਸ ਰਤੂਬਤ ਨੂੰ ਜੋ ਮਣੀ ਵਰ
ਗੀ ਹੁੰਦੀ ਹੈ, ਤਦ ਉਪਰ ਲਿਖਿਆ ਪੇਸਾਬ ਆਉਂਦਾ ਹੈ
।ਤੀਜੇ ਇਹ ਕਿ ਨਾਹੀ ਬਹੁਰਾਨ ਨਾ ਤਨਕੀਆ ਦੇ ਤੌਰ
ਪੁਰ ਤਬੀਅਤ ਉਸਨੂੰ ਕਢੇ, ਸਗੋਂ ਮਾਦਾ ਆਪ ਹੀ ਵਧ
ਕੇ ਪੇਸਾਬ ਦੇ ਰਸਤੇ ਨਿਕਲੇ, ਅਰ ਇਹ ਉਸ ਵੇਲੇ ਹੁੰ
ਦਾ ਹੈ, ਜਦ ਬਲਗਮ ਮਨੁਜ ਜੀ ਵਧ ਜਾਏ ਅਰ ਉਸਦੇ
ਤੀਦੇ ਹੋਣ ਥੋਂ ਤਪ ਆਦਿਕ ਗਰਮ ਰੋਗ ਉਤਪਤ ਹੋਣ
ਫੇਰ ਬਲਗਮ ਗਰਮੀ ਨਾਲ ਪੰਘਰ ਮਣੀ ਵਰਗੀ ਹੋ
ਕੇ ਪੇਸਾਬ ਦੇ ਨਾਲ ਨਿਕਲੇ। ਇਹ ਬਲਗਮ ਠੀਕ ਰਮ
ਣੀ ਵਰਗੀ ਹੁੰਦੀ ਹੈ। ਦੂਜੇ ਭਾਵੇਂ ਕੋਈ ਰੋਗ ਪਹਲੇ
ਨਾ ਹੋਇਆ ਹੋਵੇ ਤਾਂ ਬੀ ਇਹ ਪੇਸਾਬ ਆ ਜਾਵੇ, ਕਿਉਂ
ਜੋ ਮਾਦਾ ਬਹੁਤ ਵਧ ਗਿਆ ਹੁੰਦਾ ਹੈ ਅਰ ਇਸ ਥੋਂ ਇ
ਹ ਡਰ ਪੈਂਦਾ ਹੈ ਕਿ ਅਧਰੰਗ ਮਿਰਗੀ ਤਸੰਨਜ ਆਦਿ
ਕ ਆਰਜ਼ੇਨ ਵਾਲੇ ਰੋਗ ਨਾ ਹੋ ਜਾਨ, ਕਿਉਂ ਜੋ ਜਦ ਗ-
ਰਮੀ ਬਲਗਮ ਵਿਚ ਕੰਮ ਕਰੇਗੀ ਤਾਂ ਬਾਹਲਾ ਉਹ ਦਿ
ਮਾਗ ਨੂੰ ਚੜ੍ਹਦੀ ਹੈ. ਫੇਰ ਉਥੇ ਬੰਦ ਹੋਕੇ ਸੁਦਾ ਪੈਦਾ ਹੁੰ
ਦਾ ਹੈ, ਜੇ ਸੁਦਾ ਪੂਰਾ ਹੋਵੇਗਾ ਤਦ ਤਾਂ ਸਕਤਾ ਹੋ ਜਾਊ
ਜੇ ਪੂਰਾ ਨਾ ਹੋਊ ਤਾਂ ਮਿਰਗੀ ਜੇ ਦਿਮਾਗ ਵਿਚ ਬੰਦ
ਨਾ ਹੋਵੇ ਸਗੋਂ ਪਠਿਆਂ ਵਿਚ ਉਤਰੇ ਤਦ ਬੇਸ਼ਕ ਪ
ਠਿਆਂ ਦੀ ਅਜਾਰੀ ਨੂੰ ਬੰਦ ਕਰ ਦੇਗਾ, ਜੇ ਕਰ ਨਾੜੀ

੮੪ ਖਿਚਾਊ ਪੈਦਾ ਕਰੇ ਤਦ ਤਸੰਨਜ ਹੋ ਜਾਊ, ਜੇ ਖਿਚਾਊ
ਨਾ ਕਰੇ ਤਦ ਅਧਰੰਗ। ਇਹ ਬੀ ਪ੍ਰਗਟ ਹੈ, ਕਿ ਅਧਰੰ
ਗ ਵਾਸਤੇ ਰਤੂਬਤ ਦਾ ਮਾਦਾ ਚਾਹੀਏ, ਅਰ ਤਸੰਨ
ਜ ਵਾਸਤੇ ਉਸ ਮਾਦੇ ਦੀ ਜੋ ਪਠਿਆਂ ਵਿਚ ਚੌੜਾਈ
ਅਰ ਖਿੰਜ ਪੈਦਾ ਕਰੇ ਲੋੜ ਹੈ।
ਛੀਵੇਂ ਚਿਟਾ ਰੋਗ ਜੋ ਸਾਫੀ ਭਾਂ ਮਾਰਦਾ ਹੈ, ਇਸਦ
ਕਾਰਣ ਬਲਗਮ ਹੈ, ਕਿ ਕਮੂਦ ਹੋ ਜਾਵੇ ਜਾਂ ਉਸ ਵਿ
ਚ ਸੌਦਾ ਮਿਲੇ। ਫਰਕ ਇੰਨਾ ਵਿਚ ਇੰਨਾ ਹੈ ਕਿ ਕ
ਮੂਦ ਠੀਕ ਪਕੀ ਹੋਈ ਨਹੀ ਹੁੰਦੀ ਪਰ ਸੌਦਾ ਵਾਲੀ
ਪਕ ਜਾਂਦੀ ਹੈ। ਸਤਵੇਂ ਲਬਨੀ ਪੇਸ਼ਾਬ ਕਿ ਉ
ਹ ਚਿਟਾ ਰੋਗ ਥੋੜੀ ਜੇਹੀ ਮੈਲ ਵਾਲਾ ਹੁੰਦਾ ਹੈ। ਇ
ਸਦਾ ਕਾਰਣ ਗਲੀ ਹੋਈ ਬਲਗਮ ਜਾਂ ਔਰਾਂਦਾ
ਗਲਨਾ ਹੈ, ਇਨਾਂ ਵਿਚ ਫਰਕ ਇਹ ਹੈ ਕਿ ਬਲਗ
ਮ ਵਿਚ ਗਰਮੀ ਨਹੀ ਹੁੰਦੀ ਅਰ ਦੂਜੇ ਵਿਚ ਗਰ
ਮੀ ਹੁੰਦੀ ਹੈ, ਇਸ ਕਰਕੇ ਗਰਮੇ ਦੇ ਰੋਗ ਵਿਚ ਦਿ
ਹ ਪੇਸ਼ਾਬ ਤੁਰ ਵਾਲਾ ਹੁੰਦਾ ਹੈ।

ਤੀਜਾ ਧਿਆਉ।

ਪੇਸ਼ਾਬ ਦੇ ਕਵਾਮ ਵਿਖੇ

ਇਹ ਤਿਨ ਪ੍ਰਕਾਰ ਦਾ ਹੈ। ਪਹਿਲੇ ਪਤਲਾ ਨਾ ਪਕਣ
ਦੇ ਕਾਰਣ, ਰੋਗਾਂ ਵਿਚੋਂ ਹੋਏ ਦੇ ਬਾਂਦੇ ਅਰੋਗਤਾ ਵਿਚ, ਜਾਂ

ਰਗਵੀ ਮਦਾਰੀ ਵਿਚ ਸੁਦਾ ਫਸ ਜਾਣ ਥੋਂ ਜਾਂ ਬਹੁ
ਤੇ ਪਾਣੀ ਪੀਣ ਥੋਂ, ਜਾਂ ਸਰਦੀ ਖੁਸਕੀ ਥੋਂ, ਅਰਥਾਤ
ਮਾਦੇ ਨੂੰ ਗਾੜ੍ਹਾ ਅਰ ਮਜਾਰੀ ਦੇ ਤੰਗ ਕਰਨ ਥੋਂ, ਕਿ ਪਤ
ਲੇਪਣੀ ਥੋਂ ਬਾਝ੍ਹ ਮਨੀ ਦਾ ਨਿਕਲਣਾ ਇਸਦੀ ਨਿਸ਼ਾ
ਨੀ ਕਦੂਰ ਪੇਸ਼ਾਬ ਹੈ ਅਰ ਦੇਹ ਦਾ ਨਿਰਬਲ ਹੋਣਾ, ਜਾਂ
ਮਾਦਾ ਮਜਾਰੀ ਵਿਚੋਂ ਕਿਸੇ ਹੋਰ ਪਾਸੇ ਫਿਰੇ, ਕਿਉਂ ਜੋ
ਜਦ ਮਾਦਾ ਜਿਹਾ ਦਿਲ ਦਿਮਾਗ, ਮੇਦੇ ਜਾਂ ਇਸ ਆਦਿ
ਚ ਜਾਵੇ ਤਦ ਜਰੂਰ ਪੇਸ਼ਾਬ ਪਤਲਾ ਆਊ, ਕਿਉਂ ਜੋ
ਮਾਦੇ ਦੇ ਮਿਲਿਆਂ ਪੇਸ਼ਾਬ ਗਾੜ੍ਹਾ ਹੁੰਦਾ ਹੈ, ਜਦ
ਮਾਦਾ ਕਿਸੇ ਹੋਰ ਪਾਸੇ ਵਲ ਜਾਵੇ, ਤਦ ਪੇਸ਼ਾਬ ਪਤ
ਲਾ ਜਰੂਰ ਹੋਊ, ਜਾਂ ਪਤਲੀਆਂ ਗਾੜ੍ਹੀ ਰਤੂਬਤ
ਦੇ ਨਿਕਲ ਜਾਣ ਥੋਂ, ਕਿਉਂ ਜੋ ਪਾਣੀ ਭਾਂਵੇਂ ਦੇਹ ਵਿਚ
ਪਕਦਾ ਹੈ, ਪਰ ਉਸਦੇ ਪਤਲੇ ਹੋਣ ਥੋਂ ਗਾੜ੍ਹੀ ਚੀਜ਼
ਦਾ ਔਰ ਘਟ ਜਾਂਦਾ ਹੈ, ਅਰਥਾਤ ਜੇ ਪੇਸ਼ਾਬ ਦਾ ਪਾਣੀ
ਬਹੁਤ ਹੋਵੇ ਅਰ ਗਾੜ੍ਹਾ ਮਾਦਾ ਘਟ, ਤਦ ਪੇਸ਼ਾ-
ਬ ਪਤਲਾ ਹੀ ਆਊ, ਗੱਲ ਕਾਹਦੀ ਪਤਲਾ ਪੇਸ਼ਾ
ਬ ਦੋ ਪਕਾਰ ਦਾ ਹੈ, ਇੱਕ ਨਿਰਾ ਪਾਣੀ, ਦੂਜਾ ਪਤਲੀ
ਭਾਂਵੇਂ ਗਾੜ੍ਹੀ ਥੋੜ੍ਹੀ ਜੇਹੀ ਰਤੂਬਤ ਨਾਲ ਮਿਲੀ ਹੋਈ
ਦੂਜੇ, ਗਾੜ੍ਹਾ, ਖਿਲਤ ਦੇ ਨਾ ਪਕਣ ਥੋਂ ਪੇਸ਼ਾਬ ਦਾ
ਗਾੜ੍ਹਾਪਨ ਨਾ ਪਕਨ ਕਰਕੇ ਪੇਸ਼ਾਬ ਗਾੜ੍ਹਾ ਹੀ ਆਂ
ਉਂਦਾ ਹੈ, ਅਰ ਪਕਣ ਥੋਂ ਉਸ ਵੇਲੇ ਗਾੜ੍ਹਾ ਹੁੰਦਾ ਹੈ,

ਜਦ ਪੇਸ਼ਾਬ ਕਰਨ ਵਾਲਾ ਬਹੁਰਾਨ ਹੋਵੇ। ਤੀਜੇ ਮੌਤ ਵਿਚ ਕਦਮ ਕਿ ਇਸਦਾ ਕਾਰਨ ਠੀਕ ਪਕਣਾ ਅਰਥੀ ਗਾਹਾਲ ਹੈ। ਬੇਕਰਕੇ ਪੇਸ਼ਾਬ ਛੀ ਪ੍ਰਕਾਰ ਦਾ ਹੈ। ਇਕ ਉਹ ਕਿ ਜਿਸ ਵਿਚ ਝੂਘਦ ਹੋਵੇ, ਕਿ ਇਸਦਾ ਕਾਰਨ ਸਰਦ ਪ੍ਰਕ੍ਰਿਤਿ ਜਾਂ ਗਰੀਜ਼ੀ ਗਰਮੀ ਦਾ ਘਾਟਾ ਹੈ। ਕਿਉਂ ਜੋ ਗਰਮੀ ਨਾਲ ਜੀਵ ਪੈਦੇ ਹੁੰਦੀ ਹੈ। ਦੂਜੇ ਖਟੀਕੇ ਜੋ ਗਰੀਬਾ ਗਰਮੀ ਦੇ ਸਰਦ ਖਿਲਤ ਜਿਹਾ ਕੁ ਬਲਗਮ ਅਰ ਸੌਦਾ ਵਿਚ ਕਿੰਮ ਕਰਨ ਥੋਂ ਹੁੰਦੀ ਹੈ। ਕਿਉਂ ਜੋ ਮਦ ਗਰੀਬਾ ਗਰਮੀ ਕੰਮ ਕਰੇ ਅਰ ਪਕਾ ਨਾ ਸਕੇ ਮਾਦੇ ਨੂੰ ਤਦ ਉਸ ਵਿਚ ਗੰਦੀ ਖਟੀ ਬੋ ਪੈਦਾ ਹੁੰਦੀ ਹੈ। ਤੀਜੇ ਮਿਠੀ ਬੋ ਵਾਲਾ ਜਿਸਦੀ ਬੋ ਖੂਨ ਦੇ ਵਧਣ ਥੋਂ ਮਿਠੀ ਹੋਵੇ। ਚੌਥੇ ਬਦ ਬੋ ਜਿਸਦਾ ਕਾਰਣ ਪੇਸ਼ਾਬ ਦੇ ਅੰਗਾਂ ਦੇ ਖਾਸ ਕਰ ਮਸਾਨੇ ਦੇ ਜ਼ਖਮ ਹਨ, ਜਾਂ ਖਿਲਤ ਦੀ ਸੜ੍ਹਾਨ ਥੋਂ। ਪੰਜਵੇ ਤੇਜ ਬੋ ਜੋ ਸੁਫਰਾ ਦੇ ਵਾਧੇ ਦੀ ਨਿਸ਼ਾਨੀ ਹੈ। ਛੇਵੀ ਬਦ ਬੋ ਰਤੂਬਤਾਂ ਦੇ ਫਸਾਦ ਥੋਂ ਹੁੰਦੀ ਹੈ।

ਚੌਥਾ ਧਿਆਇ।

ਪੇਸ਼ਾਬ ਦੀ ਸਫਾਈ, ਮੈਲ, ਵਾਧਾ, ਘਾਟਾ, ਅਰ ਕਠਨਾਈ।

ਅਰਥਾਤ ਅਜਿਹਾ ਰੋਗ ਕਿ ਜਿਸ ਵਿਚ ਨ ਜ਼ੋਰ ਦੁਸਾਰ ਪਾਰ ਨਾ ਹੋ ਸਕੇ ਇਸਦਾ ਕਾਰਨ ਉਹ ਖਾਕੀ ਮਾਦਾ ਹਵਾ ਨਾਲ ਮਿਲਿਆ ਹੋਇਆ ਹੈ

ਜੋ ਪਾਣੀ ਨਾਲ ਮਿਲਦਾ ਹੈ। ਜਵਾਬੀ। ਇਸਦਾ ਕਾਰਣ
ਮੇਲਦੇ ਉਲਟ ਹੈ ਅਰਥਾਤ ਪਾਣੀ ਨਾਲ ਖਾਕੀਮ
ਦਾ ਨਾ ਮਲੇ। ਥੋੜਾ ਪੇਸ਼ਾਬ ਚੂਸਣ ਵਾਲੀ ਕੁਵਤ ਦੇ
ਘਾਟੇ ਦੀ ਨਿਸ਼ਾਨੀ ਹੈ, ਭਾਵੇਂ ਗੁਰਦੇ ਵਿਚ ਹੋਵੇ ਭਾਵੇਂ
ਮਸਾਨੇ ਵਿਚ। ਜੁਣ) ।ਬਦੀ ਜੋਰਾਰ ਅ
ਮਸਾਨੇ ਦੀ ਕਫਣ ਵਾਲੀ ਕੁਵਤ ਥੋਂ ਬੀ ਪੇਸ਼ਾਬ ਘਟ
ਜਾਂਦਾ ਹੈ, ਜਾ ਬਹੁਤ ਹਲ ਹੋਣ ਦੀ ਨਿਸ਼ਾਨੀ ਹੈ, ਕਿਉਂਕੇ
ਦੇਹ ਥੋਂ ਬਹੁਤ ਕੇਮਾਲਿਆਂ ਮਸਾਮਾਂ ਦੇ ਖੁਲਿਆਂ ਬਹੁ
ਤੀ ਹਰਕਤ ਕੀਤਿਆਂ ਦੇਹ ਦਾ ਪਾਣੀ ਘਟ ਜਾਂਦਾ ਹੈ
ਇਸ ਕਰਕੇ ਪੇਸ਼ਾਬ ਘਟ ਜਾਂਦਾ ਹੈ। ਜਾਂ ਮਦਾ ਦੂਮੇਪ
ਸੇ ਲਗ ਜਾਵੇ। ਜਿਹਾ ਕੁ ਦਸਤਾਂ ਵਿਚ ਇਮਆ ਵਲ
ਅਰ ਬਹੁਤੇ ਪਸੀਨੇ ਵੇਲੇ ਜਿਲਦ ਵਲ। ਪੇਸ਼ਾਬ ਦਾ
ਵਾਧਾ ਕਈ ਤਰਾਂ ਨਾਲ ਹੁੰਦਾ ਹੈ। ਪਹਲੇ ਬਹੁਤ ਪਾਣੀ ਪੀ
ਣਾ ਜਾਂ ਤਰਬੂਜ ਵਰਗੇ ਪਾਣੀ ਵਾਲੇ ਫਲ ਖਾਣੇ, ਜਾਂ ਪੇ
ਸ਼ਾਬ ਲਿਆਉਣ ਵਾਲੀਆਂ ਮੁਦਰਾਤ ਚੀਜਾਂ ਦਾ ਵ
ਰਤਣ, ਜਾਂ ਠੰਢੇ ਪਾਣੀ ਨਾਤਿਆਂ, ਜਾਂ ਠੰਢੀ ਹਵਾ ਲਗਿਆਂ
ਜਿਲਦ ਕਸੀਫ ਹੋ ਜਾਵੇ ਅਰ ਰਤੂਬਤ ਅੰਦਰੋਂ ਵਾਂਙੂ ਹ
ਲ ਨਾ ਹੋਵੇ, ਵਧਕੇ ਪੇਸ਼ਾਬ ਨਾਲ ਨਿਕਲੇ, ਸਿਆਲੇ ਵਿ
ਚ ਪੇਸ਼ਾਬ ਇਸੇ ਕਰਕੇ ਬਾਹਲਾ ਆਉਂਦਾ ਹੈ, ਜਾਂ ਬ
ਹੁਤ ਬੈਠਣ ਅਰ ਨਾ ਕਾਮ ਕਰਨੇ ਥੋਂ ਰਤੂਬਤ ਹਜ਼ਮ
ਹੋਵੇ ਅਰ ਵਧਕੇ ਪੇਸ਼ਾਬ ਰਾਹ ਨਿਕਲੇ ਜਾਂ ਅੰਗਾਂ ਦੇ

ਗੁਲਾਲ ਵਰਗੇ ਜਿਹਾ ਕੁ ਮੁਤਾਬਿਕ ਅਰ ਇਕ ਵਿਚ
ਮੋਤਾਦਿਲ ਪੇਸ਼ਾਬ ਦਸਦਾ ਹੈ। ਕਿ ਆਪਣੇ ਖੁਸ਼ਕਾ
ਇਤ੍ਰ ਬਈ ਵਿਚ ਜਾਂਦੀ ਹਨ। ਰੰਗ ਦਾ ਗਾੜ੍ਹਾ ਹੋਣਾ
ਅਰ ਚੂੰਰ ਵਿਚ ਰਹਣਾ ਮਾਦੇ ਦੇ ਲੇਸਲੇ ਹੋਣ ਦੀ ਨਿ
ਸਾਨੀ ਹੈ, ਅਰ ਕਮ ਵਾਧਾ ਗਾੜ੍ਹਾ ਰਹਿ ਦੇ ਦਸ
ਲਖੇ ਹੁੰਦਾ ਹੈ

ਪੰਜਵਾਂ ਧਿਆਉ।

ਪੇਸ਼ਾਬ ਦੇ ਰਸੂਬ ਵਿਖੇ।

ਰਸੂਬ ਪੇਸ਼ਾਬ ਦੇ ਪਤਲਾ ਪਨ ਨਾਲੋਂ ਇਕ ਦਰਧਿਕਰਾ
ਹ ਨੂੰ ਜੋਹਰ ਨੂੰ ਕੈਂਹਦੇ ਹਨ, ਅਰ ਨਿਸ਼ਾਨੀ ਉਸ ਦੀ ਇ
ਹ ਹੈ ਕਿ ਹੇਠ ਬਹਿ ਜਾਂਦਾ ਹੈ। ਉਹਦੇ ਤਰਾਂ ਦਾ ਹੈ। ਪਹ
ਲੇ ਤਬਈ ਕਿ ਚਿਟਾ ਕੈਰਾ ਧੌਲਾ ਸਤ੍ਰੀਫ ਗੁਲਾਬ
ਦੇ ਪਾਣੀ ਦੇ ਰਸੂਬ ਵਰਗਾ ਹੇਠ ਬੈਂਹਦਾ ਹੈ। ਜਿਸ
ਵੇਲੇ ਹਿਲਾਈਆ ਜਾਵੇ ਲਤੀਫ ਹੋਣ ਕਰਕੇ ਛੇਤੀ
ਘੁਲ ਜਾਵੇ, ਫੇਰ ਥਿਰ ਪਿਛੇ ਹੇਠ ਬੈਠੇ, ਚਿਟੇ ਥੋੜੇ ਬਾ
ਰ ਸਤ੍ਰਬਾਂਤ੍ਰਾਂ ਥੁੰ ਰੈਣ ਲਾਭ ਹੈ। ਅਰ ਫੇਰ ਜਾਣਾ।
ਦੂਜੇ ਤਬਈ ਜੋ ਆਖਾਂ ਪ੍ਰਕਾਰ ਦਾ ਹੈ, ਇਕ ਉਨ੍ਹਾਂ ਜ
ਰੋ ਦਰਯਾ ਜੋ ਲਕੜੀ ਨੂੰ ਖੁਰਾਂਦਿਆਂ ਲੈਂਹਦੇ ਹਨ।
ਪੰਜ ਤਰਾਂ ਦੇ ਹਨ - ਇਕ ਉਨ੍ਹਾਂ ਸਕਾ ਦਾ ਬਰੀਕ ਰੋੜ੍ਹਾ
ਅਰ ਚਿਟਾ ਹੋਣਾ ਨੇ ਮਸਾਨੇ ਦੀ ਖੁਰਕ ਦੀ ਨਿਸ਼ਾਨੀ ਹੈ
ਦੂਜੇ ਮਾਸ ਵਾਂਙੂ ਲਾਲ ਅਰ ਭੁਰਿਆ ਹੋਇਆ ਹੋਣਾ

ਜੋ ਗੁਰਦੇ ਦੇ ਛਿਲੇ ਜਾਵਣ ਦੀ ਨਿਸ਼ਾਨੀ ਹੈ। ਤੀਜੇ ਕਮੂਦ
ਰੰਗਾ ਜਿਦੀ ਤੇਗਾ ਹੋਇਆ। ਇਹ ਸਕਬੂਨਾਨ ਅਰ ਕਫ਼
ਆਦਿਕ ਮਛੀ ਦੇ ਚਾਨਿਆਂ ਵਰਗੇ ਹੁੰਦੇ ਹਨ, ਜੋ ਮੁਨਦੀ
ਆ ਅੰਗਾਂ ਦਾ ਜਿਹਾ ਕੁ, ਪਠੇ, ਰੁਬਾਤ, ਹਡੀਆਂ, ਦੀ
ਖੁਰਕ ਦੀ ਨਿਸ਼ਾਨੀ ਹੈ। ਚੌਥੇ ਛੋਟੇ ੨ ਭੁਰਾ ਲਾਲ ਮਟਰ
ਵਰਗੇ ਜੋ ਜਿਗਰ ਅਰ ਗੁਰਦੇ ਦੇ ਸੜਨ ਦੀ ਨਿਸ਼ਾਨੀ
ਹੈ। ਪੰਜਵੇਂ ਛੋਟੇ ਅਰ ਰਤਾ ਕੁ ਲਾਲ ਭੁਰਾ ਜਿਸ ਨੂੰ ਨਖੁ
ਲੀ ਕਹਿੰਦੇ ਹਨ, ਕਿਉਂ ਜੋ ਉਹ ਨਖਾਲੀ ਵਰਗੇ ਹੁੰਦੇ ਹਨ
(ਨਖਾਲੀ ਭੂਸੀ ਨੂੰ ਕਹਿੰਦੇ ਹਨ) ਜੋ ਮਸਾਨੇ ਦੇ ਜਖਮਾਂ ਦੀ
ਨਿਸ਼ਾਨੀ ਹੈ, ਅਰ ਕਦੀ ਰਗਾਂ ਅਰ ਸ਼ਰਾਈਨਾ ਦਾ ਗ
ਲਨਾ ਹੁੰਦਾ ਹੈ। ਦੂਜੀ ਭਾਂਤ ਵਸੋਸੀ। ਇਹ ਲਾਬ ਜਮੀ
ਖਵਰਗੀ ਹੁੰਦੀ ਹੈ, ਇਸ ਨੂੰ ਸਈਕੀ ਬੀ ਸਦਦੇ ਹਨ।
ਬਸ ਜੇ ਕਰ ਲਾਲ ਰੰਗਾ ਹੋਵੇ ਤਦ ਖੂਨ ਜੋਸ਼ ਕਰਨ ਦੀ
ਨਸ਼ਾਨੀ ਹੈ। ਜੋ ਚਿਟੀ ਭੁਰਾ ਹੋਵੇ ਤਦ ਅੰਗਾਂ ਦੇ ਗਲਨ ਜਾਂ
ਮਸਾਨੇ ਦੀ ਖੁਰਕ ਦੀ ਨਿਸ਼ਾਨੀ ਹੈ। ਗੁਣ।
ਮਸਾਨੇ ਦੀ ਖੁਰਕ ਤੇ ਜੁਬਾਨ ਵਿਚ ਇਹ ਫਰਕ ਹੈ ਕਿ
ਮੁਸਾਰੀ ਪੇਸ਼ਾਬ ਵਿਚ ਖੁਰਕ ਹੁੰਦੀ ਹੈ। ਤੀਜੇ ਲਹਮੀ
ਭਾਂਤ। ਚੌਥੇ ਵਸਮੀ ਭਾਂਤ ਦੋ ਚਰਬੀ ਅਰ ਸਮੀਨ ਦੇ ਅੰਗ
ਦੇ ਗਲਨ ਦੀ ਦਲੀਲ ਹੈ। ਖਾਸ ਕਰ ਗੁਰਦੇ ਦੀ ਚ
ਰਬੀ ਹੈ। ਅਰ ਕਦੀ ਵਾਧੂ ਵਸਮੀਆਂ ਦੇ ਕਢਣ ਦੀ ਦਲੀ
ਲ ਹੈ। ਪੰਜਵੀਂ ਭਾਂਤ ਮੁਦੀ ਜੋ ਗੁਰਦੇ ਮਸਾਨੇ ਅਰ ਵਿਦੀ

ਹੋਈ ਜਖਮਾਂ ਦੀ ਨਿਸਾਨੀ ਹੈ। ਜਾਂ ਉਪਰਲੇ ਅੰਗਾਂ ਦੀ ਸੋਜ
ਅਰ ਜਖਮਾਂ ਦੀ ਨਿਸਾਨੀ ਹੈ। ਅਰ ਇਨਾਂ ਵਿਚ ਫਰਕ
ਇਹ ਹੈ ਕਿ ਪੰਸਾਬ ਦੇ ਅੰਗਾਂ ਦਾ ਮਾਦਾ ਸਦਾ ਜਾਂ ਬ-
ਹੁਤ ਚਿਰ ਤੀਕ ਆਉਂਦਾ ਰਹਿੰਦਾ ਹੈ, ਪਰ ਉਪਰਲੇ
ਅੰਗਾਂ ਦਾ ਮਾਦਾ ਇਕ ਦੋ ਤਿਨ ਜਾਂ ਵਧੀਕ ਦਿਨਾਂ ਤੀ-
ਕ। ਛੇਵੇਂ ਮੁਖਤ੍ਰਿਜੇ ਗਾਲੀਜ ਕਚੀ ਖਿਲਤ ਦੀ ਨਿ-
ਸਾਨੀ ਹੈ, ਇਹ ਬਾਹਲਾ ਘੋੜੇ ਅਰ ਜੋੜਾਂ ਦੀ ਪੀੜ ਵਿ
ਚ ਹੋਂਦਾ ਹੈ। ਸਤਵੇਂ ਜੇਰੀ, ਇਹ ਬਰੀਕੀ ਅਰ ਲਮਅਣ
ਵਿਚ ਵਾਲਾਂ ਵਰਗਾ ਹੁੰਦਾ ਹੈ, ਜੋ ਨਰਮ ਗਰਮੀ ਥੋਂ ਰ
ਤੂਬਤ ਦੇ ਬਝ ਜਾਣ ਦਾ ਕਾਰਣ ਹੋਵੇ। ਅਠਵੇਂ ਖਮੀਰੀ
ਇਹ ਸਤ ਵੁਕੜੇ ਖਮੀਰ ਦੇ ਜੋ ਪਾਣੀ ਵਿਚ ਭਿਜੇ ਹੋ
ਣ ਵਰਗਾ ਹੁੰਦਾ ਹੈ, ਅਰ ਖਮੀਰੀ ਗਾਬੂ ਸਾਵਰਤਾ ਰਿ-
ਥੇ ਏਹ ਤਰਕ ਹੁੰਦਾ ਹੈ ਹੈਂ ਇਸ ਦਾ ਕਾਰਣ ਦੁਧ ਤੇ
ਪਨੀਰ ਆਦਿਕ ਚੀਜਾਂ ਦਾ ਬਹੁਤ ਖਾਣਾ ਜਾਂ ਮੇਦੇ ਦੀ
ਕਮਜੋਰੀ ਤੇ ਬਦ ਹਜਮੀ। ਨੌਵੀਂ ਰਮਲੀ ਇਹ ਗ
ਲੀਜ਼ ਮਾਦੇ ਥੋਂ ਪੈਦਾ ਹੁੰਦੀ ਹੈ। ਜੇ ਕਰ ਲਾਲ ਹੋਵੇ ਤਾਂ
ਗੁਰਦੇ ਦੀ ਪਥਰੀ ਦੀ। ਤੇ ਜੇਕਰ ਹੋਵੇ ਚਿਟੀ ਜਾਂ ਪੀਲੀ
ਤਾਂ ਮਸਾਨੇ ਦੀ ਪਥਰੀ ਦੀ ਦਲੀਲ ਹੈ। ਦਸਵੇਂ ਰਮਦੀ
ਭਾਤ ਅਰਥਾਤ ਮਿਟੀ ਰੰਗੀ ਜੇਂ ਬਲਗਮ ਜਾਂ ਮਾਦਾ
ਜੋ ਲਬਾਸ ਦੇ ਲੀਂਏ ਹੋਣ ਥੋਂ ਰੰਗਾਂ ਵਿਚ ਫਰਕ ਪਾਉਂਦ
ਹੈ ਦੀ ਨਿਸਾਨੀ ਹੈ। ਗੁਣ। ਬਲਗਮ ਅਰ ਮਾਦੀ

ਵਿਚ ਇਹ ਫਰਕ ਹੈ ਕਿ ਬਲਗਮੀ ਵਿਚ ਬਦਬੋ ਅਰ-
ਮੈਲ ਨਹੀਂ ਹੁੰਦੀ ਅਰ ਚਿਟੀ ਭੂਆ ਰਦਾ ਹੈ। ਦੂਜਾ ਇਸ
ਦੇ ਵਿਰੁਧ ਹੈ। ਯਰਕੀ ਭਾਂਤ ਦ ਮਵੀ ਤੇ ਅਲਕੀ ਅਰਥਾਤ
ਜਮੇ ਹੋਵੇ ਲਹੂ ਵਰਗੀ। ਜੇਕਰ ਉਸ ਵਿਚ ਪਾਣੀ ਆ-
ਇਕ ਖੂਬ ਮਿਲਿਆ ਹੋਵੇ ਤਦ ਜਿਗਰ ਦੀ ਕਮਜੋਰੀ-
ਦੀ ਨਿਸਾਨੀ ਹੈ ਨਹੀਂ ਤਾਂ ਪੇਸ਼ਾਬ ਦੇ ਮਜਾਰੀ ਦੀ।
ਹੁਣ ਜਾਣਨਾ ਚਾਹੀਏ ਕਿ ਰਸੂਬ ਥਾਉ ਕਰਕੇ ਤਿਨ
ਪ੍ਰਕਾਰ ਦਾ ਹੈ। ਇਕ ਸਮਾਪ ਜੋ ਬਦਲ ਤਰਾਂ ਪੇਸ਼ਾਬ
ਦੇ ਉਤੇ ਰਹਿੰਦਾ ਹੈ। ਉਸਦਾ ਕਾਰਨ ਠੀਕ ਨਾ ਪਕਣ ੦
ਹੈ। ਅਰ ਰਹਿਦਾ ਉਪਰ ਚੜ੍ਹਨਾ। ਦੂਜੇ ਮੁਅਲਕ ਅਰ-
ਥਾਤ ਲਟਕਿਆ ਹੋਇਆ ਪੇਸ਼ਾਬ ਦੇ ਵਿਚਕਾਰ, ਇਹ
ਵਿਚ ਲੇ ਮੇਲ ਦੇ ਪਕਣ ਦੀ ਦਲੀਲ ਹੈ। ਤੀਜੇ ਰਾਸਬ
ਤੁਬਈ ਕਿ ਇਹ ਚਿਟਾ ਰਿਗਾ ਪੇਲਾ ਭਤੀਫ ਅਰ ਕੋਲਰ
ਭੁਗਾਂ ਵਾਲਾ ਹੁੰਦਾ ਹੈ ਅਰ ਠੀਕ ਪਕਿਆ ਹੋਇਆ ਅ-
ਤ ਰਸੂਬ ਗੈਰ ਤੁਬਈ ਹਾਲ ਦੇ ਵਿਗੜਨ ਦੀ ਨਿਸਾਨੀ ਹੈ।

ਪੰਜਵਾਂ ਕਾਂਡ।

ਅਰੋਗੀਆਂ ਦੇ ਇਲਾਜ ਅਤੇ ਅਰੋਗੀਆਂ ਦੀ ਤਦਬੀਰ

ਪਹਲਾ ਧਿਆਉ।

ਖਾਣ ਪੀਣ ਵਿਖੇ।

ਚੰਗੀ ਗਾਲ ਇਹ ਹੈ, ਰੋਟੀ ਨਾ ਹੀ ਥੋੜੀ ਤੇ ਨਾ ਹੀ ਵੱਧੋਂ
ਵਧਕੇ ਖਾਧੀ ਜਾਵੇ, ਵਿਤ ਮੂਜਬ ਰੋਟੀ ਖਾਕੇ ਕੁਝ ਚਿਰ
ਅਰਾਮ ਕਰਨਾ ਚਾਹੀਦਾ ਹੈ। ਕਿਉਂ ਜੋ ਅਰਾਮ ਵਿਚ ਗ
ਰਮੀ ਅਕਠੀ ਹੋਕੇ ਹਾਜ਼ਮੇ ਦੀ ਮਦਦ ਕਰਦੀ ਹੈ। ਇਕ
ਵੇਲੇ ਦੇ ਵਿਰੁਧ ਚੀਜਾਂ ਖਾਣੀਆਂ ਠੀਕ ਨਹੀ ਹਨ। ਜਦ
ਇਕ ਚੀਜ ਬਾਲੀ ਜਹੋ ਹੋਵੇ, ਜਿਹਾਕੁ ਝੋਟੇ ਦਾ ਮਾਸ। ਅਰ
ਦੂਜੀ ਲਤੀਫ, ਜਿਹਾਕੁ ਪੰਛੀ ਦਾ ਮਾਸ। ਇਕ ਚਿਰ ਕਾ ਹਜ਼
ਮ ਦੂਜਾ ਤੁਰਤ ਹਜ਼ਮ ਜਿਹਾਕੁ ਅਸਫੇਤ ਬਜਾਤ ਪਰ,
ਫਿੱਕੀ ਰੋਟੀ ਨਾਲ ਲੂਣ ਯਾਂ ਤੇਜ ਚੀਜ ਰਲਾਕੇ ਖਾਣੀ
ਚੰਗੀ ਹੈ। ਕਿਉਂ ਜੋ ਤੇਜ਼ ਤੇ ਖਾਰੀ ਚੀਜ ਫਿੱਕੇ ਨੂੰ ਠੀਕ
ਕਰਦੀ ਹੈ। ਸਦਾ ਇਕ ਭਾਂਤ ਦੀ ਰੋਟੀ ਨਹੀ ਖਾਣੀ ਚਾ
ਹੀਦੀ, ਕਿਉਂ ਜੋ ਬੇ ਸੁਆਦ ਰੋਟੀ ਭੁਖ ਮਾਰ ਦਿੰਦੀ ਹੈ
ਅਤੇ ਖਟਿਆਈ ਕਮਜ਼ੋਰੀ ਕਰਦੀ ਹੈ। ਤੇਜ ਚੀਜ਼ ਮੇਦੇ
ਨੂੰ ਸੁਸਤ ਕਰਦੀ ਹੈ। ਖਾਰੀ ਚੀਜ਼ ਰੋਜ ਦੀ ਖਾਧੀ ਹੋਈ
ਮੇਦੇ ਨੂੰ ਕਮਜ਼ੋਰ ਕਰਦੀ ਹੈ। ਚਾਹੀਦਾ ਹੈ ਜੋ ਖਾਣਾ ਵਟ
ਵਾਂ ਸਟਾਂਦਾ ਖਾਧਾ ਜਾਵੇ। ਭੁਖ ਮਾਰਨੀ ਚੰਗੀ ਗਾਲ ਨਹੀ
ਕਿਉਂ ਜੋ ਸੁਫਰਾ ਅਰ ਹੋਰ ਰਤੂਬਤਾਂ ਆਦਿਕ ਮੇਦੇ ਨੂੰ
ਵਿਚ ਵਿਗਾੜਦੀਆਂ ਹਨ। ਕਿਉਂ ਜੋ ਮੇਦਾ ਇਨਾਂ ਨੂੰ ਚੂਸਲੈ
ਦਾ ਹੈ। ਇਸ ਕਰਕੇ ਭੁਖ ਮਰ ਜਾਂਦੀ ਹੈ। ਅਤੇ ਫੋੜੇ
ਉਪਤ ਆਉਂਦੇ ਹਨ, ਅਰ ਗਲੇ ਜੋ ਵਿਚ ਤਲ
ਖੀ ਹੁੰਦੀ ਹੈ, ਇਸ ਥੋਂ ਬਾਝੂ ਹੋਰ ਕਈ ਰੋਗ। ਅਰ ਰੋਟੀ

ਖਾਣ ਵਾਸਤੇ ਵੇਲਾ ਮੁਕਰਰ ਚਾਹੀਦਾ ਹੈ। ਜੇਕਰ ਸਿਆ
ਲ ਹੋਵੇ ਤਦ ਗਰਮ ਗਜਾ ਦੁਪਹਰ ਵੇਲੇ ਖਾਵੇ। ਜੇ
ਊਨਾਲ ਹੋਵੇ ਤਦ ਸਰਦ ਗਜਾ ਸਵੇਰੇ ਜਾਂ ਸੰਝ ਨੂੰ ਖਾ
ਵੇ। ਪਾਣੀ ਰੋਗੀ ਤ੍ਰੇਹ ਵੇਲੇ ਪੀਣਾ ਚਾਹੀਦਾ ਹੈ ਥੋੜੇ
ਰੋਟੀ ਨਾਲ ਭਾਂਵੇ ਪਿਛੋਂ।

ਦੂਜਾ ਧਿਆਉ।

ਰਿਆਜ਼ਤ ਅਰ ਮਾਲਸ਼।

ਜਾਨਣਾ ਚਾਹੀਏ ਕਿ ਹਕੀਮ ਰਿਆਜ਼ਤ ਅਰ ਮਾਲਸ਼
ਨੂੰ ਭਉਨਾਂ ਦੀ ਹਰਕਤ ਸਦਦੇ ਹਨ। ਜਿਸ ਨਾਲ ਆ
ਦਮੀ ਵਡੇ ਸਾਹ ਲਵੇ। ਸੋ ਤਾ ਦਿਲ ਰਿਆਜ਼ਤ ਮਾਦੀਰ
ਗਾਂ ਨੂੰ ਕਵੀ ਦਿੰਦੀ ਹੈ, ਕਿਉਂ ਜੋ ਉਨਾਂ ਦੇ ਫੁਜਲੇ ਨੂੰ ਤਹਲੀ
ਲ ਕਰ ਦਿੰਦੀ ਹੈ। ਹਰਾਰਤ ਗਰੀਜ਼ੀ ਨੂੰ ਵਧਾ ਦਿੰਦੀ ਹੈ,
ਕਿਉਂ ਜੋ ਉਸ ਦੇ ਵਿਰੁਧ ਪਦਾਰਥਾਂ ਦਾ ਨਾਸ ਹੋ ਜਾਂਦਾ ਹੈ
ਅਰ ਮਜ਼ਬੂਤ ਤੇ ਸਖਤ ਕਰਦੀ ਹੈ। ਜੋੜਾਂ, ਨਾੜਾਂ, ਤੇ ਉਸ
ਲਿਆਂ ਨੂੰ ਅਰ ਪਠਿਆਂ ਨੂੰ। ਦੇਹ ਨੂੰ ਕੰਮ ਕਰਨ ਲਈ
ਕੁਵਤ ਦਿੰਦੀ ਹੈ। ਜੋੜਾਂ ਵਿਚ ਫਸਾਦ ਪਾਉਣ ਵਾਲੇ ਮਾ
ਦੇ ਨੂੰ ਹਲ ਕਰ ਦਿੰਦੀ ਹੈ। ਮੁਸਾਮਾਂ ਨੂੰ ਖੋਲ੍ਹਦੀ ਹੈ। ਕਿਉਂ ਜੋ
ਅੰਗਾਂ ਦੇ ਗਰਮ ਹੋਣ ਥੋਂ ਉਹ ਜਰਦੀ ਜੋ ਮੁਸਾਮ ਬੰਦ ਕਰ
ਦੀ ਹੋਵੇ ਨਹੀਂ ਰੋਹਦੀ। ਰਿਆਜ਼ਤ ਦੋ ਪ੍ਰਕਾਰ ਦੀ ਹੈ। ਇ
ਕ ਖਾਸ ਹੈ ਅਰ ਇਕ ਆਮ। ਆਮ ਰਿਆਜ਼ਤ ਉਹ ਹੈ

ਕਿ ਜਿਸ ਦੀ ਤਸੀਰ ਸਾਰੀ ਦੇਹ ਇਕੋ ਜੇਹੀ ਵਿਚ ਹੁੰਦੀ
ਹੈ। ਜਿਹਾ ਕੁ ਕੁਸਤੀ ਕਰਨੀ, ਦੌੜਨਾ, ਘੋੜੇ ਦੀ ਸਵਾਰੀ
ਹੌਲੀ ੨ ਚਲਣਾ। ਰਿਆਜ਼ਤ ਖਾਸ ਕਈ ਤਰਾਂ ਦੀ ਹੈ।
ਜਿਹਾ ਕੁ ਉੱਚੀ ਪੜ੍ਹਨਾ, ਫਿਫੜੇ ਅਰ ਸੁਆਸ ਦੇ ਅ
ਗਾਂ ਨੂੰ ਗਲੀਜ਼ ਫੁਜ਼ਾਲਿਆਂ ਥੋਂ ਸਾਫ ਕਰਦਾ ਹੈ, ਅਰ
ਗਜ਼ਾ ਕ ਬੂਲ ਕਰਨ ਤਿਆਰ ਕਰਦਾ ਹੈ। ਪਥਰ ਭਾਰਾ
ਚੁਕਣਾ, ਸਖਤ ਕਮਾਨ ਖਿਚਣੀ, ਖਿਦੋ ਪਟੀ ਖੇਡਣੀ-
ਜੋ ਹਥਾਂ ਬਾਹਵਾਂ ਗੋਡਿਆਂ, ਛਾਤੀ ਅਰ ਕਮਰ ਨੂੰ ਗ
ਲੀਜ਼ ਮਾਦੇ ਥੋਂ ਸਾਫ ਕਰਦੀ ਹੈ। ਛੇਤੀ ੨ ਤੁਰਨਾ ਟੰਗਾਂ
ਨੂੰ ਭਾਵੇਂ ਇਸ ਦਾ ਸਾਰੀ ਦੇਹ ਵਿਚ ਹੁੰਦਾ ਹੈ ਪਰ ਪੂਰਾ ਅ
ਸਰ ਟੰਗਾਂ ਵਿਚ ਹੀ ਹੁੰਦਾ ਹੈ। ਰਿਆਜ਼ਤ ਕਰਨ ਦਾ ਵੇਲਾ
ਠੀਕ ਉਹ ਹੈ, ਜੋ ਗਜ਼ਾ ਜਦ ਮੇਦੇ ਵਿਚ ਉਤਰ ਗਈ ਹੋ
ਵੇ। ਅਰ ਵੇਲਾ ਗਰਮੀ ਸਰਦੀ ਵਿਚ ਮੋਤ ਦਿਲ ਹੋਵੇ।
ਵਰਜ਼ਸ਼ ਕਰਨ ਵੇਲੇ ਦੇਹ ਦਾ ਫਜ਼ੂਲ ਮਾਦੇ, ਪੇਸ਼ਾਬ.
ਅਰ ਝਾੜੇ ਥੋਂ ਸਾਫ ਹੋਣਾ ਜੋਗ ਹੈ। ਮਾਲਸ਼ ਭੀ ਇ
ਕ ਤਰਾਂ ਦੀ ਵਰਜ਼ਸ਼ ਹੈ। ਇਹ ਕਈ ਪ੍ਰਕਾਰ ਦਾ ਹੈ। ਪਹ
ਲੇ ਸਖਤ ਜੋ ਅੰਗਾਂ ਨੂੰ ਤਕੜਿਆਂ ਕਰਦੀ ਹੈ। ਵਾਧੂ ਰ
ਤੂਬਤ ਦੇ ਤਹਲੀਲ ਕਰਨ ਦੇ ਕਾਰਨ) ਦੂਜੇ ਨਰਮ
ਕਿ ਸੁਸਤ ਕਰਦੀ ਹੈ। ਅੰਗਾਂ ਨੂੰ। ਰਤੂਬਤ ਚੂਸ ਲੈਣ ਦੇ
ਕਾਰਨ) ਤੀਜੇ ਬਹੁਤੀ ਮਾਲਸ਼ ਜੋ ਲਿਸਿਆਂ ਕਰਦੀ
ਹੈ, ਸਰੀਰ ਨੂੰ। (ਬਹੁਤੀ ਰਤੂਬਤ ਦੇ ਹਲ ਹੋਣ ਦੇ ਕਾਰਨ

ਚੌਥੇ ਮੌਤਦਿਲ ਮਾਲਸ਼ ਕਿਗਜ਼ਾਂ ਨੂੰ ਜਜ਼ਬ ਕਰਨ ਦੇ
ਕਾਰਨ ਦੇਹ ਨੂੰ ਮੋਟਿਆਂ ਕਰਦੀ ਹੈ। ਪੰਜਵੇਂ ਖੁਸ਼ਕ ਮ
ਲਸ। ਸਖ਼ਤ ਕਪੜੇ ਨਾਲ ਮਾਲਸ਼ ਕਰਨੀ ਕਿ ਲਹੂ
ਨੂੰ ਚੂਸਦੀ ਹੈ ਬਸ ਜੇ ਕਰ ਮੌਤਦਿਲ ਹੋਊ ਤਾਂ ਲਹੂ ਜੋ
ਅੰਗਾਂ ਨੇ ਚੂਸਿਆ ਹੈ ਉਥੇ ਹੀ ਰਹੇਗਾ। ਛੀਵੇਂ ਨਰ
ਮ ਮਾਲਸ਼ ਹਥਾਂ ਜਾਂ ਕਪੜੇ ਦੀ ਇਸ ਦਾ ਗੁਣ ਖੂਨ
ਨੂੰ ਕਾਇਮ ਕਰਨਾ ਹੈ।

ਤੀਜਾ ਧਿਆਉ।

ਹਮਾਮ ਵਿਖੇ।

ਚੰਗਾ ਹਮਾਮ (ਗਰਮ ਜਲ ਦਾ ਇਸਨਾਨ ਇਕ ਕੋਠ
ੜੀ ਵਿਚ) ਉਹ ਹੈ ਕਿ ਜੋ ਪੁਰਾਣਾ ਅਰ ਖੁਲਾ ਹੋਵੇ। ਉਸ
ਦੀ ਹਵਾ ਸ਼ੁਧ ਹੋਵੇ ਅਤੇ ਪਾਣੀ ਮਿਠਾ। ਕਿਉਂ ਜੋ ਗੰਧਕੀ
ਤਾਂਬੇ ਦਾ ਅਰ ਫਟਕੜੀ ਦਾ ਪਾਣੀ ਦੇਹ ਅਰੋਗਤਾ ਦੇ
ਵਿਰੁਧ ਹੁੰਦੇ ਹਨ। ਪਾਣੀ ਦੀ ਗਰਮੀ ਨਾਉਣ ਵਾਲੇ ਦੀ
ਪ੍ਰਕ੍ਰਿਤਿ ਦੇ ਅਨੁਸਾਰ ਹੋਵੇ, ਜਿਹਾ ਕੁ ਜੇਕਰ ਨਾਉਣ
ਵਾਲਾ ਗਰਮ ਪ੍ਰਕ੍ਰਿਤਿ ਦਾ ਹੋਵੇ ਤਦ ਪਾਣੀ ਬਹੁਤਾ ਗ
ਰਮ ਨਹੀਂ ਚਾਹੀਦਾ। ਇਕੁਰ ਹੀ ਠੰਢੀ ਪ੍ਰਕ੍ਰਿਤਿ ਵਾਲੇ
ਵਾਲੇ ਵਾਸਤੇ ਠੰਢਾ ਚਾਹੀਦਾ ਹੈ ਕਿ ਹਮਾਮ ਨਾਂ ਤਾਂ
ਬਹੁਤ ਗਰਮ ਹੀ ਹੋਵੇ ਨਾ ਸੀਤ ਗਰਮ ਸਗੋਂ ਮੌਤਦਿ
ਲ ਹੋਵੇ। ਕਿਉਂ ਜੋ ਬਹੁਤੀ ਗਰਮੀ ਦੇਹ ਨੂੰ ਢਿਲਿਆਂ ਕ

ਰਦੀ ਹੈ, ਅਰ ਥੋੜ੍ਹੀ ਪਸੀਨੇ ਨੂੰ ਚੂਸਦੀ ਨਹੀ। ਮੋਤ-
ਦਿਲ ਗਰਮੀ ਹਮਾਮ ਦੀ ਮੁਸਾਮ ਖੋਲਦੀ ਹੈ। ਅਰ
ਪਸੀਨਾਂ ਲਿਆਉਂਦੀ ਹੈ, ਹਮਾਮ ਆਪਣੀ ਪੌਣ ਨਾਲ
ਗਰਮ ਕਰਦਾ ਹੈ, ਅਰ ਪਾਣੀ ਨਾਲ ਨਰਮ ਕਰਦਾ ਹੈ
ਹਮਾਮ ਦਾ ਪਹਿਲਾ ਦਰਜਾ ਸਰਦ ਤਰ ਹੈ, ਕਿਉਂ ਜੋ ਹ
ਵਾ ਗਰਮ ਘਟ ਹੁੰਦੀ ਹੈ, ਦੂਜਾ ਦਰਜਾ ਸਰਦ ਤਰ ਹੈ
ਹਵਾ ਦੀ ਗਰਮੀ ਅਰ ਪਾਣੀ ਦੀ ਤਰੀ ਦੇ ਕਾਰਣ।
ਤੀਜਾ ਦਰਜਾ ਗਰਮ ਖੁਸ਼ਕ ਹੈ। ਕਿਉਂ ਜੋ ਹਵਾ ਦੀ ਗ
ਰਮੀ ਥੋਂ ਤਹਲੀਲ ਬਹੁਤ ਹੁੰਦੀ ਹੈ। ਜਦ ਹਮਾਮ ਵਿਚ
ਵੜੇ, ਤਦ ਹਮਾਂਮ ਦੇ ਘਰ ਵਿਚ ਜਾਕੇ ਥੋੜਾ ਚਿਰ ਠ
ਹਰੇ ਫੇਰ ਦੂਜੇ ਘਰ ਵਿਚ ਇਕੁਰ ਹੀ, ਤੀਜੇ ਵਿਚ ਜੇ
ਤਰ ਮਿਜਾਜ ਵਾਲਾ ਆਦਮੀ ਹੋਵੇ ਤਦ ਉਸ ਨੂੰ ਪਾ
ਣੀ ਨਾਲੋਂ ਹਵਾ ਦਾ ਵਰਤਣਾ ਬਹੁਤ ਹੀ ਗੁਣਦਾਇ
ਕ ਹੈ। ਜੇ ਪ੍ਰਕ੍ਰਿਤਿ ਖੁਸ਼ਕ ਹੋਵੇ ਤਦ ਉਸ ਨੂੰ ਪਾਣੀ ਵ
ਰਤਣਾ ਗੁਣਕਾਰੀ ਹੈ, ਹਮਾਂਮ ਵਿਚੋਂ ਨਿਕਲਣਾ ਭੀ
ਉਕਰ ਹੌਲੀ ੨ ਚਾਹੀਦਾ ਹੈ। ਜਿਕੁਰ ਵੜੀਦਾ ਹੈ।
ਰੋਗੀਆਂ ਅਰ ਬੁਢਿਆਂ ਨੂੰ ਹਮਾਮ ਚੰਗਾ ਨਹੀਂ ਹੈ
ਅਧਰੰਗ, ਕਾਂਬੇ, ਤਸੰਨਜ ਅਰ ਪੀਨਸ ਵਾਲੇ ਨੂੰ
ਗੰਧਕ ਦੇ ਪਾਣੀ ਨਾਲ ਨਾਉਣਾ ਗੁਣਕਾਰੀ ਹੈ।
ਗਰਮ ਪ੍ਰਕ੍ਰਿਤਿ ਵਾਲਿਆਂ ਅਤੇ ਜੁਆਨਾਂ ਨੂੰ ਖਾਣੇ
ਦੇ ਪਚ ਜਾਣ ਦੇ ਮਗਰੋਂ, ਠੰਢੇ ਪਾਣੀ ਨਾਲ ਨਾਉਣ

ਗੁਣਕਾਰੀ ਹੈ। ਪਰ ਛੋਟੇ ਮੇਦੇ, ਬਦਹਜ਼ਮੀ, ਤੇ ਨਜ਼ਲੇ
ਵਾਲਿਆਂ ਨੂੰ ਅਤੇ ਬੁੱਢੇ ਅਰ ਬਾਲਿਆਂ ਨੂੰ ਔਗੁਣ
ਕਰਦਾ ਹੈ। ਮੇਦਾ ਜਿਸ ਵੇਲੇ ਖਾਲੀ ਹੋਵੇ, ਉਸ ਵੇਲੇ
ਹਮਾਮ ਹਲਕਾ ਕਰ ਦਿੰਦਾ ਹੈ, ਅਰ ਰੋਟੀ ਖਾਕੇ ਮੋਟਿ
ਆਂ ਤਾਂ ਨਾਉਣਾ ਕੇਰ ਦਿੰਦਾ ਹੈ। ਪਰ ਗੋਰ ਹਜ਼ਮ ਗ
ਜ਼ਾ ਨੂੰ ਚੂਸ ਲੈਣ ਕਰਕੇ ਸੁੱਦਿਆਂ ਦਾ ਡੂਰ ਹੋ ਜਾਂਦਾ
ਹੈ। ਹਮਾਮ ਉਸ ਵੇਲੇ ਠੀਕ ਹੈ ਜਿਸ ਵੇਲੇ ਨਾ ਹੀ ਮੇ
ਦਾ ਖਾਲੀ ਹੋਵੇ ਤੇ ਨਾ ਹੀ ਭਰਿਆ ਹੋਵੇ। ਹਮਾਮ ਵਿ
ਖਾਣਾ ਪੀਣਾ ਮਨਾਂ ਹੈ, ਕਿਉਂ ਜੋ ਗਜ਼ਾ ਅੰਗਾਂ ਵਿਚ ਛੇ
ਤੀ ਚਲੀ ਜਾਂਦੀ ਹੈ, ਕਾਰਣ ਇਹ ਹੈ ਨਾ ਮੁਸਕੇ ਦੀਮ
ਜਾਰੀ ਖੁਲਦੀ ਹੈ, ਖਾਸ ਕਰ ਜਦ ਗਜ਼ਾ ਸਰਦਾ ਬਿ
ਲ ਫੇਲ ਹੋਵੇ, ਜਾਂ ਗਰਮ ਬਿਲ ਫੇਲ। ਕਿਉਂ ਜੋ ਠੰ
ਢੀ ਵਸਤੂ ਅੰਗਾਂ ਵਿਚ ਉਤਰ ਜਾਵੇ, ਤਦ ਉਨਾਂ ਦਾ ਜ਼
ਹਰ ਸਰਦੀ ਕਰਕੇ ਔਗਣ ਕਰਦੀ ਹੈ, ਜਦ ਇਹ
ਦਿਲ ਵਲ ਉਤਰੇ ਤਦ ਆਦਮੀ ਝਟ ਪਟ ਮਰ ਜਾਂ
ਦਾ ਹੈ, ਜੇ ਕਰ ਜਿਗਰ ਵਿਚ ਉਤਰੇ ਤਦ ਜਲੰਧਰ ਦਾ
ਰੋਗ ਉਤਪਤ ਹੋ ਜਾਂਦਾ ਹੈ। ਗਰਮ ਗਜ਼ਾ ਜੁਲਾ
ਨ ਦਾ ਕਾਰਣ ਹੈ, ਅਤੇ ਹਮਾਮ ਵਿਚ ਬਹੁਤ ਦੇ
ਰ ਠਹਰ ਕੇ ਨਾਤਿਆਂ ਫਜ਼ੂਲ ਜਾਂਦਾ ਬਹੁਤ ਹੀ
ਕਮਜ਼ੋਰ ਹੋਕੇ ਅੰਗ ਢਲ ਜਾਂਦਾ ਹੈ, ਅਤੇ ਬਾਹ
ਲੀ ਗਰਮੀ ਦੇ ਕਾਰਣ ਪਠਿਆਂ ਨੂੰ ਬਹੁਤ ਤਣ

ਕਸਾਨ ਕਰਦਾ ਹੈ, ਜੋ ਉਨਾਂ ਦੀ ਪ੍ਰਕ੍ਰਿਤਿ ਦੇ ਵਿਰੁਧ ਹੈ
ਨਾਲੇ ਇਸ ਥੋਂ ਗਰੀਜ਼ੀ ਗਰਮੀ ਹਲ ਹੋ ਜਾਂਦੀ ਹੈ।
ਅਰ ਭੁਖ ਮਰ ਜਾਂਦੀ ਹੈ, ਕਾਮ ਚੇਸ਼ਟਾ ਨੂੰ ਨੁਕਸਾ
ਨ ਕਰਦਾ ਹੈ। ਅਤੇ ਥੋੜੇ ਨੀ ਖੁਸ਼ਕੀ ਤੇ ਸੁਦਾ ਦਾ ਵਿਕ
ਰਣ ਹੈ, ਕੁਦੀ ਗਸ਼ ਥੀ ਪੈ ਜਾਂਦੀ ਹੈ

ਚੌਥਾ ਧਿਆਉ।

ਸੌਣ ਤੇ ਜਾਗਣ ਵਿਖੇ।

ਸਭ ਥੋਂ ਚੰਗਾ ਸੌਣਾ ਉਹ ਹੈ ਕਿ ਜਦ ਗਜ਼ਾ ਮੇਦੇ
ਦੇ ਫਮ ਥੋਂ ਹੇਠਾਂ ਹੋ ਗਈ ਹੋਵੇ, ਅਰ ਇਹ ਥੀਂਦ
ਹੀ ਦਾ ਹੈ ਮੋਤਾਦਿਲ ਹੋਵੇ, ਬਹੁਤੀ ਜਾਂ ਥੋੜੀ ਨਾ ਹੋਵੇ
ਕਿਉਂਜੋ ਮੋਤਾਦਿਲ ਨੀਂਦ ਕੁਵਤ ਨੂੰ ਬਅਕਰਨਲ
ਈ ਚੁਸਤ ਕਰਦਾ ਹੈ, ਅਰ ਰੂਹ ਦੇ ਜੌਹਰ ਨੂੰ ਵਧਾਂ
ਉਂਦਾ ਹੈ, ਕਿਉਂਜੋ ਸਰੀਰ ਅਰ ਨਫਸ ਦੀ ਹਰਕਤ
ਨਹੀਂ ਹੁੰਦੀ ਜੋ ਰੂਹ ਨੂੰ ਹਲ ਕਰ ਦਿੰਦੀ ਹੈ, ਨੀਂਦ ਰੂ
ਹ ਨੂੰ ਖੁਸ਼ ਕਰਦੀ ਹੈ, ਭੁਖਿਆਂ ਸੌਣਾ ਨਿਰਬਲ,
ਅਰ ਲਿਸਿਆਂ ਕਰਦੀ ਹੈ। ਕਿਉਂਜੋ ਗਰੀਜ਼ੀ ਰ
ਤੂਬਤ ਹਲ ਹੋ ਜਾਂਦੀ ਹੈ, ਦਿਨ ਦਾ ਸੌਣਾ ਤਰੀਅ
ਰ ਨਜ਼ਲੇ ਦੇ ਰੋਗ ਉਤਪਤ ਕਰਦਾ ਹੈ, ਕਿਉਂਜੋ
ਮੇਦੇ ਦੇ ਰਦੀ ਬੁਖਾਰ ਦਿਮਾਗ ਨੂੰ ਚੜ੍ਹਦੇ ਹਨ,
ਰੰਗ ਨੂੰ ਖਰਾਬ ਕਰਦਾ ਹੈ, ਇਸ ਲਈ ਕਿ ਹਰਕ

ਤ ਦੇਨਾ ਰਹਨ ਥੋਂ ਖ਼ੂਨ ਵਿਚ ਵਿਗਾੜ ਹੂੰਦਾ ਹੈ। ਅਰ ਚਿ
ਤ ਸੌਣਾ ਦਿਮਾਗ ਦੇ ਫਜ਼ੂਲ ਮਾਦੇ ਨੂੰ ਨਾ ਮੁਕਰਰਰ
ਸਤਿਆਂ ਵਲ ਖਿਚਦਾ ਹੈ, ਤਦ ਫਜ਼ੂਲ ਖਲਤ ਵਲ
ਆਉਂਦੇ ਹਨ ਅਰ ਇਹ ਰੋਗ ਬਣਦੇ ਹਨ, ਕਾਬੂਸ
ਸਕਤਾ, ਮਿਰਗੀ ਅਰ ਪਿਠ ਦੀਆਂ ਪੀੜਾਂ।

ਬਹੁਤਾ ਜਾਗਣਾ ਖਾਸ ਕਰ ਰਾਤ ਨੂੰ ਨਾ ਸੌਣਾ ਦੇਹ
ਨੂੰ ਖੁਸ਼ਕ ਕਰਦਾ ਹੈ, ਅਰ ਰਤੂਬਤ ਦਾ ਬੀ ਨਾਸ-
ਕਰਦਾ ਹੈ, ਇਸੇ ਕਰਕੇ ਹਜ਼ਮ ਬੀ ਨਹੀ ਹੁੰਦਾ ਬ
ਸ ਇਸ ਥੋਂ ਪ੍ਰਕ੍ਰਾਤਿ ਵਿਗੜ ਜਾਉ। ਬਹੁਤ ਜਾਗਿ-
ਆਂ ਸੁਦਾ ਹੋ ਜਾਂਦਾ ਹੈ, ਕਿਉਂ ਜੋ ਦਿਮਾਗ ਦੀ ਖੁਸ਼ਕੀ
ਵਧ ਜਾਂਦੀ ਹੈ ਅਰ ਖ਼ਿਲਤਾਂ ਦਾ ਭੜਕਾਉ।

ਪੰਜਵਾ ਧਿਆਉ।

ਫਸਲਾਂ ਦੀ ਤਦਬੀਰ।

ਹਾੜ੍ਹੀ ਮੌਸਮ ਦੇ ਸੁਰੂ ਵਿਚ ਦੇਹ ਨੂੰ ਫਸਦ, ਕੈ, ਅਰ
ਜੁਲਾਬ ਨਾਲ ਸਾਫ ਕਰਨਾ ਚਾਹੀਦੇ। ਕਿਉਂ ਜੋ ਸਿ-
ਆਲ ਵਿਚ ਮੁਆਦ ਜਮ ਜਾਂਦਾ ਹੈ। ਅਰ ਹਾੜ੍ਹੀ ਦੇ
ਸੁਰੂ ਵਿਚ ਗਰਮੀ ਦੇ ਕਾਰਣ ਉਸ ਵਿਚ ਹਲ ਚਲ
ਹੁੰਦੀ ਹੈ, ਜੇ ਹੁਣ ਉਹ ਦਸਤਾਂ ਆਦਿਕ ਦੁਆਰਾ ਧ
ਵਾਇਆ ਨਾ ਜਾਵੇ ਤਦ ਕਈ ਅੰਗਾਂ ਵਲ ਜਾਂਦਾ ਹੈ
ਅਰ ਰੋਗ ਉਤਪਤ ਹੁੰਦੇ ਹਨ। ਚਾਹੀਦਾ ਹੈ ਕਿ ਇ

ਸ ਸਮੇਂ ਗਰਮ ਤਰ ਚੀਜਾਂ ਜਿਹਾ ਕੁ ਗੋਸ਼ਤ ਨਾ ਵ-
ਰਤੀਆਂ ਜਾਣ। ਕਿਉਂ ਜੋ ਇਨਾਂ ਵਸਤਾਂ ਦੀ ਗਰਮੀ
ਫਸਲ ਦੀ ਗਰਮੀ ਨੂੰ ਮਦਦ ਦਿੰਦੀ ਹੈ, ਅਰ ਤਰੀ
ਨਾਲ ਮੁਆਦ ਵਧਦਾ ਹੈ। ਭੁੜਕਾਉਣ ਅਰ ਠੰਡ ਪਾ
ਉਣ ਵਾਲੀਆਂ ਚੀਜੋਂ ਦਾ ਵਰਤਣਾ ਚੰਗਾ ਹੈ, ਉਨਾਂ
ਲਾ ਵਿਚੋਂ ਚੋਦੀ ਘਟਾ ਦੇਣੀ ਚਾਹੀਦੀ ਹੈ, ਕਿਉਂ ਜੋ ਦੇ
ਹ ਗਰਮ ਹੁੰਦੀ ਹੈ, ਅਰ ਗਰਮੀ ਅੰਦਰ ਨੂੰ ਮਾਇਲ
ਹੁੰਦੀ ਹੈ। ਅਰ ਹਾਜਮਾ ਕਮਜੋਰ ਹੋ ਜਾਂਦਾ ਹੈ, ਸੁਰਾ-
ਕ ਖਾਣਾ ਖਰਾਬ ਤਾਂ ਇਨਾਂ ਦਿਨਾਂ ਵਿਚ ਬਲਦੀ-
ਪਰ ਤੇਲ ਪਾਉਣਾ ਜਾਂ ਦੇਹ ਨੂੰ ਲੇਪ ਲਾਉਣ ਦੀ ਮਨੇ
ਆਈ ਹੈ, ਰਿਆਜਤ ਭੀ ਗਰਮੀ ਵਧਾਉਂਦੀ ਹੈ ਇ
ਸ ਲਈ ਘਟ ਕਰ ਦੇਣੀ ਚਾਹੀਏ। ਛਾਂ ਜਾਂ ਛਤ ਹੇਠ
ਰਹੇ, ਕਪੜੇ ਗਲ ਰਖੇ। ਖਾਣ ਪੀਣ ਦੀਆਂ ਚੀਜਾਂ
ਗਰਮੀ ਬੁਝਾਉਣ ਵਾਲੀਆਂ ਹੋਣ, ਰਹਣ ਦੀ ਥਾਂ
ਚੰਗੀ ਕਪੜੇ ਠੰਡੇ ਹੋਣ, ਅਰ ਖੂਹਾਂ ਨਹਰਾਂ ਤੇ
ਸਰਦ ਬਿਛ ਹੋਣ। ਉਪਰ ਲਿਖੀਆਂ ਦੋ ਫਸਲਾਂ
ਵਿਚ ਕੈ ਕਰਨਾ ਚੰਗਾ ਹੈ, ਆਲੂ ਬੁਖਾਰੇ ਆਦਿ
ਕ ਤਰ ਫਲਾਂ ਦਾ ਖਾਣਾ ਗੁਣਕਾਰੀ ਹੈ। ਜੈਹੀ ਵਿ
ਚ ਖੁਸ਼ਕ ਚੀਜਾਂ ਅਰ ਮੈਥੁਨ ਥੋਂ ਬਚਣਾ ਚਾਹੀ
ਦਾ ਹੈ, ਕਿਉਂ ਜੋ ਖੁਸ਼ਕੀ ਵਧ ਜਾਂਦੀ ਹੈ, ਠੰਢੇ ਪਾਣੀ
ਅਰ ਠੰਡੇ ਘਰ ਥੋਂ ਬਚਣਾ ਚਾਹੀਦਾ ਹੈ। ਕਿਉਂ ਜੋ

ਇਸ ਥੋਂ ਦੇਹ ਸੁਸਤ ਹੁੰਦੀ ਹੈ। ਦੁਪਹਰ ਵੇਲੇ ਗਰਮੀ ਥੋਂ ਅਰ ਸਵੇਰੇ ਤੇ ਰਾਤ ਨੂੰ ਠੰਢ ਥੋਂ ਬਚਨਾ ਜ਼ਰੂਰੀ ਹੈ ਤਰਜੋਵੇ ਇਨਾਂ ਦਿਨਾਂ ਵਿਚ ਤਾਪ ਅਰ ਖਿਲਤੀ ਰੋਗ (ਕਿਉਂ ਜੋ ਮੇਦਿਆਂ ਦੀ ਤਰੀ ਛੇਤੀ ਸਨੂ ਉਠ-ਦੀ ਹੈ) ਉਤਪਤ ਹੁੰਦੇ ਹਨ, ਚਾਹੀਦਾ ਹੈ ਕਿ ਸੌਣੀ ਦੇ ਸ਼ੁਰੂ ਵਿਚ ਦੇਹ ਸਾਫ ਕੀਤੀ ਜਾਵੇ। ਅਰ ਥੋੜੀ ਆਂ-ਗਰਮ ਤਰ ਖਾਣ ਪੀਣ ਦੀਆਂ ਚੀਜਾਂ ਵਰਤਣੀ-ਆਂ ਚਾਹੀਏ, ਸਿਆਲ ਵਿਚ ਫਸਦ ਅਰ ਕੈ ਨਹੀਂ ਕਰਨੀ ਚਾਹੀਦੀ। ਪਰ ਲੋੜ ਵੇਲੇ ਕੈ ਜੁਲਾਬ ਦਾ ਡ-ਰ ਨਹੀਂ। ਬੁਕਰਾਤ ਹਕੀਮ ਕਹਿੰਦਾ ਹੈ। ਕਿ ਲਤੀਫ ਅਰ ਗਰਮ ਗਜਾਵਾਂ ਜਿਹਾ ਕੁ ਮਾਸ ਹਰੀਸਾ ਆਦਿਕ ਗੁਣਕਾਰੀ ਹਨ।

ਛੀਵਾਂ ਧਿਆਉ।

ਗਰਭਣੀਆਂ, ਦੁਧ ਵਾਲੀਆਂ, ਅਰ ਬਚਿਆਂ ਦੀ
ਤਦਬੀਰ ਵਿਖੇ।

ਜਾਣ ਛਡੋ ਕਿ ਗਰਭਣੀ ਨੂੰ ਕਦੀ ਭੁਲ ਕੇ ਜਿਗੀ ਆ ਜੁਲੂਆਉ, ਅਰ ਨਾ ਹੀ ਫਸਦ ਕਰਾਉ। ਕਿਉਂ ਜੋ ਬਚਾ ਗਰਭਣੀ ਦੇ ਲਹੂ ਨਾਲ ਪਲਦਾ ਹੈ, ਜਦ ਲਹੂ ਕਢਿਆ ਗਿਆ ਤਦ ਗਜਾ ਦੇ ਨਾ ਹੋਣ ਕਰ ਕੇ ਬਚਾ ਗਿਰ ਜਾਂਦਾ ਹੈ। ਖਾਸ ਕਰ ਕੇ

ਸਦ ਬਚਾਵਣੋ ਹੋ ਰਿਹਾ ਹੋਵੇ, ਕਿਉਂਜੋ ਓਦੋਂ ਗ
ਜਾਂਦੀ ਲੋੜ ਬਹੁਤ ਹੁੰਦੀ ਹੈ। ਬੁਕਰਾਤ ਨੇ ਕਿਹਾ
ਹੈ ਕਿ ਜੇ ਗਰਭਣੀ ਦਾ ਫਸਦ ਕੀਤਾ ਜਾਊ ਤਦ ਬ
ਚਾਵੇਗਾ ਦੇਊ। ਇਸ ਲਈ ਫਸਦ ਆਦਿਕ ਥੋਂ ਬ
ਚਣਾ ਚਾਹੀਦਾ ਹੈ, ਖਾਸ ਕਰਕੇ ਉਸ ਵੇਲੇ ਕਿ ਬਚੇ
ਦਾ ਜੀਅ ਪਾਰਿਹਾਮ ਨਾਲ ਬਹੁਤ ਨਾ ਹੋਵੇ, ਇਹ-
ਦਿਨ ਪਹਿਲੇ ਦਿਨ ਥੋਂ ਚਾਰ ਮਹੀਨੇ ਤੀਕ ਹੈ, ਫੇਰ-
ਸਤਵਿਆਂ ਮਹੀਨਿਓ ਤੀਕ ਠੀਕ ਦਿਨ, ਜਿਕੁਰ
ਇਨਾਂ ਦਿਨਾਂ ਵਿਚ ਫਸਦ ਮਨਾ ਹੈ, ਉਕਰ ਹੀ ਜੁਲ
ਬ ਭੀ ਨੁਕਸਾਨ ਕਰਦਾ ਹੈ, ਅਗਾਂ ਇਸ ਥੋਂ ਬੀ ਗਰ
ਭ ਛੁਟ ਜਾਂਦਾ ਹੈ। ਪਰ ਜਿਸ ਵੇਲੇ ਡਾਢੀ ਲੋੜ ਪਵੇ
ਉਸ ਵੇਲੇ ਡਰ ਨਹੀਂ, ਅਰਥਾਤ ਗਰਭਣੀ ਦੀ ਜਿੰ
ਦ ਇਨਾਂ ਉਪਰ ਲਿਖੀਆਂ ਗਲਾਂ ਦੇ ਕੀਤੇ ਬਿਨ
ਨਾ ਬਚਦੀ ਹੋਵੇ, ਤਦ ਝਟ ਫਸਦ ਜਾਂ ਜੁਲਾਬ
ਕ ਦੇਣਾ ਚਾਹੀਏ, ਕਿਉਂਜੋ ਜੇ ਗਰਭਣੀ ਅਰਜਊ
ਤਦ ਬਚਾ ਬੀ ਨਾ ਬਚੂ। ਪਰ ਬਚੇ ਦੇ ਮੋਇਆਂ ਗਰ
ਭਣੀ ਨਹੀਂ ਮਰਦੀ। ਤ੍ਰਿਆ ਨਕ ਆਵਾਜ਼ ਚਾਮ-
ਹਿੱਤਾ ਅਰਥਾਤ ਜੇ ਥੋਂ ਬੀ ਗਰਭਣੀ ਨੂੰ ਬਚਣਾ
ਚਾਹੀਦਾ ਹੈ, ਕਿਉਂਜੋ ਤਬੀਅਤ ਬਚੇ ਦੀ ਰਾਖੀ
ਵਲੋਂ ਮੂੰਹ ਮੋੜ ਕੇ ਇਨਾਂ ਕੰਮਾਂ ਵਿਚ ਲਗ ਜਾਂਦੀ ਹੈ
ਇਸ ਲਈ ਗਰਭ ਡਿਗ ਜਾਣ ਦਾ ਡਰ ਹੁੰਦਾ ਹੈ।

ਅਚਾਨਕ ਨਿੰਦ੍ਰ ਖੁਸ਼ਨੂਬੋ ਥੋਂ ਬੀ ਗਰਭਣੀ ਨੂੰ ਬਚਣਾ
ਚਾਹੀਦਾ ਹੈ, ਕਿਉਂ ਜੋ ਤੇਜ਼ ਬੀ ਅਤ੍ਰ ਬਚੇ ਨੂੰ ਸੰਭਾਲਣ ਥੋਂ
ਮੂੰਹ ਮੋੜ ਕੇ ਉਸ ਖੁਸ਼ਬੋ ਵਲ ਮੂੰਹ ਕਰਦੀ ਹੈ। ਖੁਸ਼ਬੂ
ਦਾਰ ਚੀਜਾਂ ਖਾਣ ਥੋਂ ਬੀ ਬਚਣਾ ਜੋਗ ਹੈ, ਕਿਉਂ ਜੋ ਖੁ
ਸ਼ਬੋ ਨਫਸ ਨੂੰ ਬਚੇ ਦੇ ਸੰਭਾਲਣ ਥੋਂ ਰੋਕਦੀ ਹੈ, ਅਰ
ਕੁਵਤਾਂ ਨੂੰ ਸੁਸਤ ਕਰਦੀ ਹੈ, ਕਿਉਂਜੋ ਜਦ ਗਰਭਣੀ
ਖਾਣੇ ਦੀ ਖੁਸ਼ਬੂ ਨੂੰ ਸੁੰਘਦੀ ਹੈ, ਅਰ ਉਹ ਖਾਣਾ ਉ
ਸਨੂੰ ਭਾਉਂਦਾ ਹੈ, ਅਰ ਉਸਦਾ ਦਿਲ ਉਸ ਖਾਣੇ ਲ
ਦੀ ਬਹੁਤ ਕਰਦਾ ਹੈ, ਫੇਰ ਜਦ ਕਿਸੇ ਕਾਰਣ ਕਰਕੇ
ਉਸ ਨੂੰ ਉਹ ਖਾਣਾ ਨਾ ਮਿਲਿਆ ਭਾਵੇਂ ਉਸ ਦੀ ਖਾਸ
ਥੋੜੀ ਹੀ ਰੁਕੀ ਸੀ। ਤਦ ਫੇਰ ਉਸ ਦੀ ਰੂਹ ਵਡੀ ਜਰਾਬੀ
ਦੀ ਅਰ ਚਿੰਤਾਵਾਨ ਹੁੰਦੀ ਹੈ ਅਰ ਕੁਵਤ ਘਟ ਜਾਂਦੀ
ਹੈ, ਇਥੋਂ ਤੀਕ ਕਿ ਗਰਭ ਛਟ ਜਾਂਦਾ ਹੈ। ਚੰਗੀ ਗਲ
ਇਹ ਹੈ ਕਿ ਗਰਭਣੀ, ਗੁਲਕੰਦ ਸਿਕੰਜਬੀ ਖਟੀ
ਫਗਜਾ ਮੇਦੇ ਦੇ ਸਾਫ ਕਰਨ ਲਈ ਖਾਵੇ, ਕਿਉਂ ਜੋ
ਇਸ ਥੋਂ ਮਿਟੀ ਅਰ ਕੋਲੇ ਆਦ ਚੀਜਾਂ ਦੇ ਖਾਣ ਦੀ
ਚਾਹ ਮਰ ਜਾਂਦੀ ਹੈ, ਇਹ ਚਾਹ ਗਰਭਣੀ ਨੂੰ ਰਦੀਆ
ਰਗਜ਼ੂ ਨੀ ਅਰ ਤੂਬਤਾਂ ਦੇ ਜਮਾ ਹੋਣ ਥੋਂ ਜੋ ਤ੍ਰਿਮਸੀ
ਖੂਨ ਥੋਂ ਹਾਸਲ ਹੁੰਦਾ ਹੈ ਜੋ ਬਚੇ ਦੀ ਗਜਾ ਲਈ ਮੇਦੇ
ਵਿਚ ਜਮਾ ਹੁੰਦਾ ਹੈ। ਹੁੰਦੀ ਹੈ।

ਦੂਧ ਵਾਲੀ ਦਾ ਵਾਸਤੇ ਚੰਗੀ ਗਲ ਇਹ ਹੈ ਕਿ ਮੇਦਨ

ਨਾਂ ਕਰੇ, ਕਿਉਂਜੋ ਇਸ ਤਰਾਂ ਹੈਜ਼ੇ ਦਾ ਲਹੂ ਦੁਧ ਨਾਲ
ਰਲ ਜਾਂਦਾ ਹੈ, ਫੇਰ ਉਹ ਦੁਧ ਲਹੂ ਨਾਲ ਮਿਲ ਕੇ ਵੀ
ਹਾਂ ਜ਼ਹਿਰ ਭੂਦਾਰ ਹੋ ਜਾਂਦਾ ਹੈ, ਅਰ ਬਹੁਤਾ ਅਰਾਮ ਨ
ਕਰੇ ਕਿਉਂਜੋ ਫੁਜ਼ਲੇ ਅਰ ਰਤੂ ਬਤਾਂ ਕਠੀਆਂ ਹੋਕੇ
ਦੁਧ ਖ਼ਰਾਬ ਕਰ ਦਿੰਦੀਆਂ ਹਨ।
ਦੂਜੀ ਗਲ ਤਾਂ ਇਹ ਹੈ ਕਿ ਉਪਰ ਲਿਖੀਆਂ ਦੋਦੋ ਗ
ਲਾਂ ਮੌਤ ਦਿਲ ਵਿਚ ਦਿਤੀਆਂ ਜਾਣ, ਨਾ ਬਹੁਤ ਤੇ ਨਾ ਘਟ,
ਜਾਣਨਾ ਚਾਹੀਦਾ ਹੈ ਕਿ ਬਾਲਕਿਆਂ ਦੀ ਦਾਈ ਨੂੰ ਠੀ
ਕ ਰਖਣਾ ਚਾਹੀਦਾ ਹੈ, ਉਸ ਪਰ ਡਰ ਅਰ ਗੁਸਾ ਨਹੀ
ਲਿਆਉਣਾ ਚਾਹੀਦਾ, ਕਿਉਂਜੋ ਗੁਸੇ ਨਾਲ ਭੁਹਾਂ ਬਾ
ਹਰ ਨੂੰ ਆਉਂਦੀਆਂ ਹਨ, ਜਿਸ ਥੋਂ ਰੋਗ ਸੂ ਅਰ ਮੌ
ਤ ਦਾ ਡਰ ਪੈਂਦਾ ਹੈ, ਬਚੇ ਨੂੰ ਚਿੰਤਾ ਅਰ ਬਹੁਤ ਜਾ
ਗਣ ਥੋਂ ਰੋਕਣਾ ਚਾਹੀਦਾ ਹੈ, ਕਿਉਂਜੋ ਇਨਾ ਨਾਲ
ਖੁਸ਼ੀ ਘਟਦੀ ਹੈ ਅਰ ਬਾਲ ਵਧਦਾ ਨਹੀ, ਕਾਰਣ
ਇਹ ਹੈ ਕਿ ਨਵਾ ਥਕ ਜਾਂਦੇ ਹਨ, ਅਰ ਗਰਮੀ ਤੇ ਦਾ
ਧੇ ਦੀਆਂ ਰਤੂ ਬਤਾਂ ਹਲ ਹੋ ਜਾਂਦੀਆਂ ਹਨ, ਬਸ ਜੇ
ਨਾ ਹੋ ਸਕੇ ਜੋ ਚੀਜ਼ ਬਾਲ ਚਾਹੇ ਉਸ ਨੂੰ ਦਿਓ, ਕਿ ਉ
ਹ ਪ੍ਰਸੰਨ ਰਹੇ ਅਰ ਛੇਤੀ ਵਧੇ, ਪਰ ਕੋਈ ਚੀਜ਼ ਉਸ
ਨੂੰ ਨਾ ਕਰਨ ਵਾਲੀ ਜਾਂ ਕੋਈ ਕੰਮ ਉਸ ਨੂੰ ਔਖਾ ਲ
ਗਣ ਵਾਲਾ ਕਦਾਚਿਤ ਨਾ ਕੀਤਾ ਜਾਵੇ ਕਿਉਂਜੋ ਛੋਟੇ ਬ
ਚਿਆਂ ਦਾ ਦੀ ਪੈਜ਼ ਵੇ ਹਟਦੀ ਨਹੀ।

ਸਤਵਾਂ ਧਿਆਇ।

ਬਾਲਿਆਂ, ਜੁਆਨਾਂ, ਵਿਚਲੀ ਉਮਰ ਵਾਲਿਆਂ, ਅ
ਰ ਬੁਢਿਆਂ ਦੀ ਤਦਬੀਰ ਵਿਖੇ।

ਜਾਨਣਾ ਚਾਹੀਏ ਕਿ ਬਾਲਕਿਆਂ ਦੀ ਪ੍ਰਕ੍ਰਿਤਿ ਗਰਮ ਤਰ ਹੈ, ਇ
ਸ ਕਰਕੇ ਉਨਾਂ ਦੀ ਗਿਜ਼ਾ ਅਰ ਹੋਰ ਸਭ ਬਰਤੇਂ ਵਸਤ
ਸਰਦ ਖੁਸ਼ਕ ਹੋਣੀਆਂ ਚਾਹੀਦੀਆਂ ਹਨ, ਪਰ ਇ
ਹ ਬੀ ਨਾ ਕਰੇ ਕਿ ਸਰਦੀ ਖੁਸ਼ਕੀ ਨੂੰ ਹੱਦੋਂ ਵਧ ਪਾਇਉ
ਕਿਉਂ ਜੋ ਠੰਢ ਗਰਮੀ ਨੂੰ ਜੋ ਵਾਧਾ ਪਾਉਂਦੀ ਹੈ ਨਾਸ਼ ਕ
ਰ ਦਿੰਦੀ ਹੈ, ਅਰ ਖੁਸ਼ਕੀ ਰਤੂਬਤ ਨੂੰ ਫਨਾ ਕਰ ਦਿੰਦੀ
ਹੈ, ਅਰ ਰਤੂਬਤ ਹੀ ਦੇਹ ਨੂੰ ਵਧਾਉਂਦੀ ਹੈ। ਜੁਆਨਾਂ
ਦੀ ਪ੍ਰਕ੍ਰਿਤਿ ਸਰਦ ਖੁਸ਼ਕ ਹੈ, ਬਸ ਉਨਾਂ ਦੀ ਗਿਜ਼ਾ ਅ
ਰ ਤਦਬੀਰ ਸਰਦ ਤਰ ਕਰਨੀ ਚਾਹੀਏ। ਵਿਚਲੀਐਂ
ਲਦੇ ਉਮਰ ਵਾਲਿਆਂ ਦੀ ਪ੍ਰਕ੍ਰਿਤਿ ਸਰਦ ਖੁਸ਼ਕ ਹੈ ਇ
ਸ ਕਰਕੇ ਉਨਾਂ ਦੀ ਗਿਜ਼ਾ ਆਦਿਕ ਗਰਮ ਤਰ ਹੋਣ।
ਸੀਤ ਗਰਮ ਪਾਣੀ ਨਾਲ ਹਮਾਮ ਕਰਨਾ ਅਰ ਮਾਲ
ਸ਼ ਕਰਾਉਣੀ, ਉਨਾਂ ਨੂੰ ਗੁਣਦਾਇਕ ਹੈ। ਚਾਹੀਦਾ ਹੈ-
ਕਿ ਉਹ ਸਰਦ ਗਿਜ਼ਾ ਖੁਸ਼ਕ ਗਿਜ਼ਾ ਅਰ ਥਕਾਉ, ਮੈਥ
ਨ ਅਰ ਲਹੂ ਕਢਾਉਣ ਥੋਂ ਬਚੇ ਰਹਨ ਪਰ, ਜੁਲਾਬ
ਉਨਾਂ ਨੂੰ ਚੰਗਾ ਹੈ। ਬੁਢਿਆਂ ਦੀ ਪ੍ਰਕ੍ਰਿਤਿ ਕਈ ਤਰਾਂ ਦੀ
ਹੈ। ਕਿਉਂ ਜੋ ਉਨਾਂ ਦੇ ਅਸਲੀ ਅੰਗ ਸਰਦ ਖੁਸ਼ਕ-

੧੦੪ ਹਨ। ਕਾਰਣ ਇਹ ਹੈ ਕਿ ਉਨਾਂ ਦੀ ਗਰਿਜੀ ਰਤੂਬ
ਤ ਘਟ ਜਾਂਦੀ ਹੈ ਜਿਸ ਥੋਂ ਖ਼ੁਸ਼ਕੀ ਜ਼ੋਰ ਕਰਦੀ ਹੈ ਅਰ
ਬਲ ਗਮੀ ਰਤੂਬਤਾਂ ਬੀ ਜੋ ਗਰਮੀ ਦੇ ਨਿਰਬਲ
ਹੋਣ ਥੋਂ ਬਾਕੀ ਰਹਿ ਜਾਂਦੀਆਂ ਹਨ, ਉਨਾਂ ਦੇ ਅੰਗਾ-
ਵਿਚ ਅਕੜੀਆਂ ਹੋ ਜਾਂਦੀਆਂ ਹਨ, ਇਸ ਲਈ ਉ
ਨਾਂ ਦੀ ਨਿਸ਼ਾਨੀਆਂ ਵਲ ਦੇਖਣਾ ਜੋਗ ਹੈ, ਜੇ ਨਿਸ਼ਾ
ਨੀਆਂ ਸਰਦ ਖ਼ੁਸ਼ਕ ਹੋਣ ਤਦ ਗਜ਼ਾ ਆਦਿਕ ਗਰਮ
ਗਰਮ ਤਰ ਕੀਤੀਆਂ ਜਾਣ। ਜੇ ਸਰਦ ਤਰ ਹੋਣ ਤਦ
ਗਰਮ ਖੁਸ਼ਕ, ਅਤੇ ਗਜ਼ੀਜ ਵਰਤਣੀ ਠੀਕ ਨਹੀ
ਕਿਉਂਜੋ ਇਸ ਥੋਂ ਤਿਲੀ ਪਥਰੀ ਗੁਰਦੇ ਅਤੇ ਮਸਾ
ਨੇ ਦੀ, ਜਿਗਰ ਦਾ ਸੁਦਾ ਤੇ ਇਸਤਸਕਾ (ਭਾਠ) ਦੇ
ਰੋਗ ਉਤਪਤ ਹੁੰਦੇ ਹਨ, ਜੇ ਕਦੀ ਕਾਬੀਜ ਗਜ਼ਾ ਖਾ
ਧੀ ਬੀ ਜਾਵੇ, ਤਦ ਉਸ ਦੇ ਖਾਣ ਥੋਂ ਪਿਛੋਂ ਜੁਵਾਰਸ਼ ਕਮੂ
ਨੀ ਤੇ ਜੰਜਬੀਲ ਮੁਰਬੀ ਦਾ ਵਰਤਣਾ ਜ਼ਰੂਰੀ ਹੈ।

ਅਠਵਾਂ ਧਿਆਇ

ਰੋਗੀਆਂ ਦਾ ਇਲਾਜ ਵਿਖੇ।

ਇਸ ਦੀਆਂ ਤਿਨ ਭਾਂਤਾਂ ਹਨ, (੧) ਦਵਾ ਨਾਲ, (੨)
ਹਥ ਨਾਲ ਜਿਹਾ ਕੁ ਟੁਟੇ ਅੰਗ ਦਾ ਜੋੜਨਾ ਅਤੇ ਦਾ
ਗ ਦੇਣਾ ਆਦਿ (੩) ਤਦਬੀਰ ਨਾਲ।

ਦਵਾ ਦਾ ਇਲਾਜ ਦੋ ਪ੍ਰਕਾਰ ਦਾ ਹੈ, ਪਹਿਲੇ ਅੰਦ੍ਰਲਾ

ਇਲਾਜ, ਜਿਹਾ ਕੁ ਜੁਲਾਬ, ਸਾਫ ਕਰਨੇ, ਰੋਕਣੇ ਅਤੇ
ਕਬਜ਼ ਕਰਨ ਵਾਲੀਆਂ ਦਵਾਵਾਂ ਦਾ ਖਵਾਉਣਾ
ਪਿਆਉਣਾ। ਦੂਜੇ ਬਾਹਰਲਾ, ਜਿਹਾ ਕੁ ਮਾਸ ਦਾਦ
ਦੇ ਨਾਲ ਛਿੱਲਣਾ ਜਾਂ ਤੇਜ਼ਾਬ ਨਾਲ ਜਾਂ ਮਾਸ ਪੈ
ਦਾ ਕਰਨ ਵਾਲੀ ਦਵਾ ਨਾਲ ਮਾਸ ਵਧਾਉਣਾ, ਅਰ
ਤਦਬੀਰ (ਉਪਕਾਰ ਪਾਣੀ ਵਗੈਰਾ ਨਾਲ)
ਲੇਪ ਨਾਲ ਅਰ ਟਕੋਰ ਨਾਲ। ਕਿਸੇ ਬਾਦੀ ਪ੍ਰਕ੍ਰਿਤ-
ਬਦਲ ਦੇਣੀ। ਦੂਜੀ ਭਾਂਤ ਹੱਥ ਦਾ ਇਲਾਜ, ਜਿਹਾ
ਕੁ ਟੁੱਟੇ ਹੋਏ ਅੰਗਾਂ ਦਾ, ਚਰਣਾ ਜਾਂ ਚੀਰਨਾ ਫਾੜਨਾ
ਜਾਂ ਦਾਗ ਦੇਣਾ।

ਚੇਤੇ ਰੱਖੋ ਕਿ ਦਵਾਈ ਦੇ ਇਲਾਜ ਵਿਚ ਹੇਠ ਲਿਖੀ-
ਆਂ ਗੱਲਾਂ ਨੂੰ ਮੁੱਖ ਰੱਖੋ - (੧) ਰੋਗ ਦੀ ਭਾਂਤ ਸਮਝ-
ਣੀ ਕਿ ਗਰਮ ਹੈ, ਜਾਂ ਸਰਦ ਤਰ ਹੈ, ਜਾਂ ਖੁਸ਼ਕ ਹੈ
(੨) ਰੋਗ ਦਾ ਕਾਰਣ ਲੱਭਣਾ, ਕਿ ਦੇਹਕ ਹੈ, ਬਾਦੀ
ਹੈ, ਪੁਰਾਣਾ ਹੈ ਜਾਂ ਕਿਸੇ ਦੀ ਲਾਗਾ ਥੋਂ ਹੋਇਆ ਹੈ।
(੩) ਰੋਗੀ ਦੇ ਬਲ ਦਾ ਧਿਆਨ ਰੱਖਣਾ ਕਿ ਜੇ ਰੋ-
ਗੀ ਬਲੀ ਹੋਵੇ ਤਦ ਜੁਲਾਬ ਆਦਿਕ, ਜਾਂ ਤਾਕਤ
ਵਾਲੀਆਂ ਦਵਾਂਦਾ ਨੂੰ ਵਰਤਣਾ ਜੋਗ ਹੈ। ਨਹੀਂ ਤਾਂ
ਇਹ ਭੀ ਜਾਂ ਕਦੀ ਨਾ ਵਰਤਣ। (੪) ਪ੍ਰਕ੍ਰਿਤਿ ਦੋਖ
ਭਾਵ ਦਾ ਕਸੂਰ (੫) ਅਸਲੀ ਪ੍ਰਕ੍ਰਿਤਿ ਦਾ ਸਮਝ-
ਣਾ ਕਿ ਹੁਣ ਉਸ ਨਾਲ ਕਿਨਾ ਕੁ ਫਰਕ ਪਿਆ

ਹੈ, ਤਾਕਿ ਇਸੇ ਦਵਾ ਵਿਚ ਉਸ ਹਾਲ ਦਾ, ਅਰ ਵਾਧੇ
ਘਾਟੇ ਦਾ ਖਿਆਲ ਕੀਤਾ ਜਾਵੇ। (੬) ਉਮਰ ਅਰ-
ਥਾਤ ਜੇ ਰੋਗੀ ਘਾਟ ਉਮਰ ਦਾ, ਜਾਂ ਬੁਢਾ ਹੋਵੇ, ਤਦ
ਤਾਕਤ ਦੀਆਂ ਦਵਾਈਆਂ ਦਾ ਵਰਤਨਾ ਠੀਕ ਨਹੀ,
ਜਿਹੜਾ ਜੇ ਰੋਗੀ ਨੂੰ ਗਰਮੀ ਦਾ ਰੋਗ ਹੋਇਆ ਤਾਂ
ਕਾਫੂਰ ਦਾ ਦੇਣਾ ਜੋਗ ਨਹੀ, ਕਿਉਂਕਿ ਨਿਰਬਲ ਕਾ-
ਫੂਰ ਦੇ ਜੋਰ ਨੂੰ ਝਲ ਨਹੀ ਸਕਦੇ। (੭) ਵਾਦੀ।
ਅਰਥਾਤ ਮਲੂਮ ਕਰਨਾ ਕਿ ਰੋਗੀ ਨੂੰ ਜੁਲਾਬ ਦ-
ਸਦ, ਜਾਂ ਹੈ ਕਬਜ਼ ਦੀ ਵਾਦੀ ਹੈ ਕਿ ਨਹੀ, ਨਾਲੇ ਇ-
ਹ ਭੀ ਕਿ ਇਸ ਨੂੰ ਭੁਖ ਤ੍ਰੇਹ ਦਾਵਤੀਆਂ ਜਾਂ ਥੋੜ ਬਤੀ-
ਆਂ ਦਵਾਵਾਂ ਦੀ ਵਾਦੀ ਹੈ। (੮) ਸ਼ਹਰ ਦੇਸ ਦਾ ਧਿ-
ਆਨ ਕਰਨਾ ਕਿ ਗਰਮ ਹੈ ਜਾਂ ਸਰਦ। ਦਰਿਆ
ਦੇ ਕੰਢੇ ਉਤੇ ਹੈ, ਜਾਂ ਪਹਾੜ ਉਤੇ ਜਾਂ ਨੀਵਾਣ ਪੁਰ।
(੯) ਮੌਸਮ ਕਿ ਹੈ ਹਾਂਡ ਸਲਾਂ ਵਿਚੋ ਕਿਸ ਦਾ ਵੇਲਾ
ਹੈ ਉਸ ਮੌਸਮ ਮੂਜਬ ਇਲਾਜ ਕਰਨ। (੧੦)
ਹਵਾ ਨੂੰ ਦੇਖਣਾ ਕਿ ਬਹੁਤ ਤਤੀ ਹੈ ਜਾਂ ਬਹੁਤ ਸਰਦ
ਦਵਾ ਦੇਣ ਵੇਲੇ ਦਵਾ ਦੇ ਹਾਲ ਨੂੰ ਦੇਖਣਾ ਚਾਹੀਏ
ਇਸ ਲਈ ਜੇ ਰੋਗ ਬਹੁਤ ਗਰਮ ਹੋਵੇ, ਤਦ ਦਵਾ
ਬਹੁਤ ਸਰਦ ਚਾਹੀਏ, ਦੇਹ ਦੀ ਪ੍ਰਕ੍ਰਿਤਿ ਦਾ ਧਿਆ-
ਨ ਰਖਣਾ ਜਰੂਰੀ ਹੈ, ਜਿਸ ਨੇ ਗਰਮ ਪ੍ਰਕ੍ਰਿਤਿ ਵਾਲੇ
ਨੂੰ ਗਰਮੀ ਹੋਵੇ ਤਦ ਉਸ ਲਈ ਥੋੜੀ ਗਰਮੀ ਦੀ

ਹੈ, ਇਸੇ ਤਰਹ ਹੀ ਜੋ ਸਰਦ ਪ੍ਰਕ੍ਰਿਤਿ ਵਾਲੇ ਨੂੰ ਠੰਡੇ ਹੋਦੇ ਦੇਸ਼
ਦਾ ਬੈਠਣੀ ਗਰਮੀ ਹੀ ਠੀਕ ਹੈ, ਆਜਿਹਾ ਹੀ ਵੇਲੇ ਹਵਾ
ਤੇ ਸਹਿਰ ਦਾ ਖ੍ਯਾਲ ਜਰੂਰ ਹੀ ਰਹੇ, ਕਿਉਂ ਜੋ ਗਰ
ਮ ਵਕਤ ਹਵਾ ਸਹਿਰ ਵਿਚ ਠੰਢ ਜਰੂਰ ਚਾਹੀਏ। ਔ
ਰ ਸਰਦ ਵਿਚ ਖੁਸ਼ ਗਰਮ ਅਰ ਰੋਗ ਦੇ ਵੇਲੇ ਅਰਥਾਤ
ਰੋਗ ਦਾ ਆਰੰਭ, ਵਾਧਾ, ਅੰਤ ਤੇ ਮੇਲ੍ਹਾ ਦਾ ਖ੍ਯਾਲ, ਜਿ
ਹਾਕੂ ਗਰਮ ਮੌਸਮ ਦੇ ਵਿਚ ਠੰਢੀ, ਦਵਾਈਆਂ ਵਰਤੀਆਂ
ਜਾਂਦੀਆਂ ਹਨ, ਅੰਤ ਵਿਚ ਹਲਕਰਨ ਵਾਲੀਆਂ ਦਵਾਈਆਂ
ਵਾਧੇ ਵਿਚ ਠੰਡੀ ਅਰ ਹਜਮ ਕਰਨ ਵਾਲੀਆਂ, ਅਰ
ਮੇਲ੍ਹੇ ਵਿਚ ਨਿਕਲੀਆਂ ਹਜਮ ਕਰਨ ਵਾਲੀਆਂ ਜੇ ਕਰ ਹਕੀ
ਮ ਇਨਾ ਗਲਾਂ ਦਾ ਧਿਆਨ ਨਾ ਰਖੇ, ਜਿਹਾਕੁ ਮੌਸਮੇ ਦੇ ਰੋਗ
ਵਾਇਦ ਦਵਾਈਆਂ ਵਰਤੇ ਤਾਂ ਦਵਾਈਆਂ ਨੁਕਸਾਨ ਹੋਊ। ਇਸੀ ਤਰ
ਹੀ ਗਰਮ ਰੋਗ ਦੇ ਆਰੰਭ ਵਿਚ ਸਰਦ ਅਰ ਨਿਤ੍ਰੀਠ
ਚੀਜਾਂ ਵਰਤਣੀਆਂ ਚਾਹੀਏ, ਜੇ ਕਰ ਰੋਗ ਵਿਚ ਅਾਦ
ਤਾਂ ਜਰੂਰ ਨੁਜਜ (ਮਾਦੇ ਨੂੰ ਪਕਾਉਣਾ) ਕੀਤੇ ਬਿਨਾ ਜੁ
ਲਾਬ ਦੇਣਾ ਚਾਹੀਏ। ਜੇ ਪਹਿਲੇ ਨੁਜਜ ਕਰਕੇ ਜੁਲਾਬ
ਕੀਤਾ ਜਾਵੇ ਰੋਗੀ ਦੀ ਤਾਕਤ ਦਾ ਧਿਆਨ ਬੀ ਰਖਣਾ ਚਾ
ਹੀਏ। ਅਰਥਾਤ ਜੇ ਰੋਗੀ ਬਲੀ ਹੋਵੇ ਤਾਂ ਜੁਲਾਬ ਛੇਤੀ
ਕਰਨਾ ਚਾਹੀਏ, ਜੇ ਦਿਰ ਕੀਤੀ ਜਾਊ ਤਦ ਕੁਵਕਤ ਹੋਜਾ
ਵੇਗੀ, ਰੋਗ ਦੇ ਵਧ ਜਾਣੇ ਸੇ ਫੇਰ ਥੋੜੇ ਬਸਣ ਔਖੀ ਹੋਊ
ਜੇ ਰੋਗੀ ਨਿਰਬਲ ਹੋਵੇ ਤਾਂ ਜੁਲਾਬ ਵਿਚ ਕਾਹਲੀ ਨ ਕਰੀ

ਨਾਚਾਹੀਏ, ਅਰ ਤਾਕਤ ਦੀ ਦਵਾਵਾਂ ਦਿੰਦੇ ਰਹੀਏ, ਜੇਕ
ਰ ਕੁਦਰਤ ਹੀ ਲਾਗਹੀ ਤਦ ਤਦਬੀਰ ਨੇਕੀ ਖੇਹਣਾ ਹੈ, ਪਰ
ਸਖ਼ਤ ਲੋਕ ਵੇਲੇ ਥੋੜੇ ਜਿਹੇ ਜੁਲਾਬ ਦੀ ਖ਼ੁਲ ਹੈ। ਸੀਤਾ-
ਦੀਜਕਾਂ ਦਾ ਭੀ ਧਿਆਨ ਕਰਨਾ ਲੋੜੀਦਾ ਹੈ।
ਜਿਹਾਕੁ ਸਾਇਸ ਅਰ ਦਫ਼ਾ ਫੋੜੇ ਦੇ ਸਹਜ (ਪੇਟਦੇਸ਼ੋ
ਕਦੂਖਦਾਨਾਂ ਹੀ ਹੋ ਵਿਚ ਖੁਵਾਉਣ ਪਿਆਉਣ ਦੀ ਦਵਾਰ
ਭੀਏ ਆਰ ਸ੍ਰਿਫ਼ਲੀ ਇਸਆ ਦੇ ਸਹਜ ਵਿਚ ਹੁਕਨਾ
ਗਈਏ। ਕਈ ਜਿਵੇਂ ਅੰਗਦਾ ਇਲਾਜ ਦਾਰ ਪ੍ਰਕਾਰ ਨਾਲ
ਹੁੰਦਾ ਹੈ, ਇਕ ਪ੍ਰਕ੍ਰਿਤਿ ਨਾਲ, ਕਿਉਂ ਜੋ ਅੰਗਾ ਦੀ ਪ੍ਰਕ੍ਰਿਤਿ-
ਅਡ ਰਹੈ। ਕਿ ਸੋਦੀ ਹਾਲ ਕਿਸੇ ਦੀ ਸਿਹਤ ਕਿਸੇ ਦੀ ਖੁ
ਸ਼ਕ। ਜਿਹਾਕੁ ਮਾਸ ਅਰ ਪਠੇ, ਤਾਜ ਭੂਰ ਤੇ ਹਡੀਆਂ
ਵ੍ਹਜੇ ਪਦਾ ਇਸੀ ਖ਼ਤਾ ਦਦਦਾ ਧਿਆਨ ਬੀ ਕਰਨਾ ਜੋਗ
ਹੈ। ਅਰ ਬਾਤ ਇਹ ਕਿ ਦਵਾਈਆਂ ਵਿਚ ਹ ਕੀਤ ਰਾਂਕੇ
ਤੀ ਅਸਰ ਕਰ ਸਕਦੀ ਹੈ। ਕਿ ਔਖ ਨਾਲ, ਪੇਲਾ ਹੈ ਕਿ
ਨਹੀਂ, ਸੂਬਕ ਹੈ ਕਿ ਸਖ਼ਤ, ਜਸ ਜੇ ਕਰ ਔਖਾ ਸੂਬਕ ਹੋ
ਸਾਸੂਸ ਵਿਚ ਅਸਰ ਛੇਤੀ ਹੋ ਸਕਦਾ ਹੋਵੇ, ਜਿਹਾਕੁ
ਫਿਰ ਜਾਂਦੇ, ਤਦ ਉਸ ਲਈ ਕੁਦਰਤ ਦਾ ਸੋਆ ਦਵਾਦਾਂ
ਵਰਤਨੀਆਂ ਜੋਗ ਨਹੀਂ। ਜੇ ਕਰ ਸਖ਼ਤ ਹੋਵੇ ਅਰ ਉ
ਸ ਵਿਚ ਅਸਰ ਬੀ ਢਿਲ ਨਾਲ ਹੁੰਦਾ ਹੋਵੇ ਜਿਹਾਕੁ ਹ
ਡਾ ਹੈ, ਤਦ ਤਾਕਤ ਵਾਲੀਆਂ ਦਵਾਂ ਦਵਰਤਨੀਆਂ
ਚਾਹੀਏ, ਕਾਰਣ ਇਹ ਹੈ ਕਿ ਮੁਸਾਮ ਖੁਲ ਜਾਣ ਅਰ ਦ

ਵਾ ਛੇਤੀ ਤੀਕ ਪਹੁੰਚ ਜਾਵੇ। ਜੇ ਅੰਗ ਨਾ ਸਖਤ ਹੋਵੇ ਨਾ
ਨਰਮ। ਜਿਹਾ ਕੁ ਜਿਗਰ, ਤਦ ਦਵਾ ਭੀ ਵਿਚ ਲੇ ਮੇਲਣੀ
ਦੇਣੀ ਚਾਹੀਏ। ਤੀਜੇ ਅੰਗ ਦੀ ਕੁੱਵਤ ਦਾ ਧਿਆਨ ਕਰ
ਨਾ ਚਾਹੀਏ, ਜੇਕਰ ਅੰਗ ਰਈਸ ਹੋਵੇ, ਜਿਹਾ ਕੁ, ਦਿਲ
ਜਿਗਰ, ਦਿਮਾਗ, ਜਾਂ ਅੰਗ ਦਾ ਗੁਣ ਸਾਰੀ ਦੇਹ ਲਈ
ਆਮ ਹੋਵੇ, ਜਿਹਾ ਕੁ ਮੇਦਾ, ਪਰਦੇ ਪਿੰਜਰੇ ਅਰ ਫਿਫੜੇ
ਜਾਂ ਅੰਗ ਲਤੀਫ, ਚੇਤਾ, ਅਰ ਹਿਸ ਵਾਲੀ, ਜਿਹਾ ਕੁ
ਫਮ ਮੇਦਾ, ਅਖਾਂ ਅਰ ਕੀਲ ਹਨ ਹੋਵੇ, ਤਦ ਤੇਜ਼ ਹਲ ਕਰ
ਨ ਵਾਲੀਆਂ ਦਵਾਵਾਂ ਥੋਂ ਬਚੇ ਰਹਣਾ ਚਾਹੀਏ।
ਤਾਂ ਕਿ ਬਲ ਘਟ ਨਾ ਜਾਵੇ, ਅਰ ਰੂਹ ਬਾਹਰ ਦੀ ਖਾਰਜ
ਨਾ ਹੋ ਜਾਵੇ। ਚੌਥੇ ਅੰਗ ਦੀ ਤਿਲ ਦਾ ਇਸ ਲਈ ਕਿ ਨੇ
ਨੇੜੇ ਦੂਰ ਦੇ ਅੰਗਾਂ ਦੀ ਦਵਾ ਵਿਚ ਘਾਟਾ ਵਾਧਾ ਕੀਤਾ
ਜਾਵੇ, ਬਸਅਰੀ ਦੀ ਪ੍ਰਕ੍ਰਿਤਿ ਬਦਲਨੀ ਜੋਖੀ ਹੈ, ਕਿਉਂਜੋ
ਦਵਾ ਛੇਤੀ ਪਹੁੰਚਦੀ ਹੈ। ਪਰ ਫਿਫੜੇ ਵਿਚ ਨਹੀਂ।
ਕਿਉਂਜੋ ਉਸ ਵਿਚ ਦਵਾ ਚਿਰ ਕੀ ਪਹੁੰਚਦੀ ਹੈ ਅਤੇ ਅ
ਠੇਲਨ ਤੇ ਜੁੜੇ ਹੋਏ ਹੋਣ ਦਾ ਭੀ ਧਿਆਨ ਚਾਹੀਏ, ਇਸ
ਲਈ ਜੋ ਮਾਦਾ ਜਿਗਰ ਦੇ ਡੂੰਘ ਵਿਚ ਹੋਵੇਗਾ, ਉਸਨੂੰ
ਦਸਤਾਂ ਰਾਹ ਕਢਣਾ ਠੀਕ ਹੈ, ਕਿ ਇਮਆ ਦੇ ਰਾਹ ਨਿਕ
ਲ ਜਾਵੇ। ਜੇ ਮਾਦਾ ਮੂਹ ਦਬਾਰ (ਗੁਲਾਈ) ਵਿਚ ਹੋਵੇ,
ਤਦ ਪੇਸ਼ਾਬ ਰਾਹ ਕਢਣਾ ਠੀਕ ਹੈ, ਕਿ ਗੁਰਦਿਆਂ ਦੇ
ਰਸਤੇ ਨਿਕਲ ਜਾਵੇ, ਜਦ ਕਿਸੇ ਅੰਗ ਵਿਚ ਮਾਦਾ ਇ

ਣਾ ਸੁਰੂ ਹੋਵੇ, ਤਦ ਝਟ ਪਟ ਦੂਸਰੇ ਅੰਗ ਵਲ ਉਸ ਨੂੰ ਜ
ਜ਼ਬ ਕਰਨਾ ਚਾਹੀਏ, ਭਾਵੇਂ ਜਜ਼ਬ ਕਰਨ ਵਾਲਾ ਦੂਰ
ਹੋਵੇ, ਪਰ ਪਾਸੇ ਵਿਚ ਉਲਟਾਉ ਦਾ ਧਿਆਨ ਕਰਨਾ ਚਾ
ਹੀਏ। ਇਸ ਲਈ ਉਪਰ ਦਾ ਮਾਦਾ ਹੇਠ ਵਲ, ਅਰ ਸਜੇ
ਦਾ ਖਬੇ ਵਲ ਜਜ਼ਬ ਕਰਨਾ ਠੀਕ ਹੈ, ਇਹ ਉਲਟ ਪੁਣਾ
ਕਦੀ ਨੇੜੇ ਹੁੰਦਾ ਹੈ, ਜਿਹਾ ਕੁ ਛਾਤੀ ਦੇ ਹੇਠਾਂ ਸਿੰਙੀਆਂ ਲੁ
ਆਉਣੀਆਂ ਅਖਾਂ ਦੇ ਮਾਦੇ ਨੂੰ ਜਜ਼ਬ ਹੁੰਦਾ ਹੈ, ਕਦੀ ਦੂਰ
ਜਿਹਾ ਕੁ ਪਿੰਨੀਆਂ ਨੂੰ ਬੰਨ੍ਹਣਾ ਸਿਰ ਦੇ ਮੁਆਦ ਨੂੰ
ਵਢਾ ਕਰਦਾ ਹੈ, ਅੰਗਾਂ ਦੇ ਕਾਤੇਆਂ ਹੋਣ ਦਾ ਭੀ ਖਿਆ
ਲ ਕਰਨਾ ਜਰੂਰੀ ਹੈ, ਅਰ ਬਾਤ। ਇਕ ਅੰਗ ਦਾ ਮਾਦਾ
ਉਸ ਅੰਗ ਵਲ ਜਿਸ ਨਾਲ ਉਸ ਦਾ ਸੰਬੰਧ ਹੋਵੇ, ਜਜ਼
ਬ ਕਰਨਾ ਚਾਹੀਏ, ਜਿਹਾ ਕੁ ਬਹੁਤੇ ਰਿਤੂ (ਹੈਜ਼) ਦੇ-
ਜਜ਼ਬ ਕਰਨ ਨੂੰ ਮੰਮਿਆਂ ਪੁਰ ਸਿੰਙੀਆਂ ਲੁਆਣੀ
ਆਂ ਚਾਹੀਏ, ਕਿਉਂਜੋ ਰਿਹਮ ਅਰ ਮੰਮਿਆਂ ਵਿਚ-
ਕਠੇ ਹੋਣ ਦਾ ਸੰਬੰਧ ਹੈ, ਆਮੋ ਸਾਹਮਣੇ ਹੋਣ ਦੀ ਰਿ-
ਆਇਤ ਭੀ ਰਖਣੀ ਚਾਹੀਏ, ਜਿਹਾ ਕੁ ਜਿਗਰ ਦੇ ਰੋ
ਗਾਂ ਵਿਚ, ਸਜੀ ਬਾਸਲੀਕ ਖੋਲਣੀ ਚਾਹੀਏ, ਅਰ-
ਤਿਲੀ ਦੇ ਰੋਗਾਂ ਵੇਲੇ ਖਬੀ ਬਾਸਲੀਕ। ਦੂਰੀ ਦਾ ਧਿ
ਆਨ ਭੀ ਜਰੂਰ ਰਖੋ, ਅਰ ਬਾਤ। ਜੇ ਬੈਂਤੀਕ ਹੋ ਸਕੇ ਮ
ਦਾ ਦੂਰ ਦੇ ਅੰਗ ਵਿਚ ਜਜ਼ਬ ਕਰਨਾ ਚਾਹੀਦਾ ਹੈ, ਨੇ
ੜੇ ਦੇ ਅੰਗ ਵਿਚ ਨਹੀ, ਅਰ ਜਿਸ ਅੰਗ ਵਿਚ ਮਾਦਾ-

ਜਜ਼ਬ ਕਰਨਾ ਹੋਵੇ, ਉਸਦਾ ਬੀ ਲਿਹਾਜ ਰਖੋ, ਕਿ ਜਿਸ ਵਿਚੋਂ ਜਜ਼ਬ ਕਰੀਏ, ਉਸ ਨਾਲੋਂ ਸ਼ ਭੀ ਨਾ ਹੋਵੇ। ਅਰ ਜਿਸ ਵੇਲੇ ਮਾਦਾ ਅੰਗ ਵਿਚ ਡਿਗੇ, ਅਰ ਡਿਗੇ ਨੂੰ ਕੁਝ ਚਿਰ ਨਾ ਹੋਇਆ ਹੋਵੇ, ਤਦ ਉਹ ਮਾਦਾ ਨੇੜੇ ਦੇ ਅੰਗ ਵਿਚ ਜਜ਼ਬ ਕਰਨਾ ਚਾਹੀਏ, ਜਦ ਕੁਝ ਚਿਰ ਬੀਤ ਗਿਆ ਹੋਵੇ ਅਰ ਮਾਦਾ ਉਥੇ ਠਹਿਰ ਗਿਆ ਹੋਵੇ, ਤਦ ਕਿਸੇ ਹੋਰ ਅੰਗ ਵਲ ਜਜ਼ਬ ਨਾ ਕਰੋ, ਸਗੋਂ ਉਸ ਅੰਗ ਵਿਚੋਂ ਕਢ ਦੇਣਾ ਹੀ ਠੀਕ ਹੈ, ਜਿਹਾ ਕੁ ਫੂਜ਼ ਤੀਨ ਦੀ ਜੋਜਰਸਤੇ ਜੀ ਢਦੀ ਹੇਠਲੀ ਨਾੜ ਖੋਲ ਦੇਣੀ ਚਾਹੀਏ।

ਨੌਵਾਂ ਧਿਆਉ।

।ਉਪਰ ਛੂਲ, ਦਸਤ, ਰਜਅਤ, ਅਰ ਹੁਕਨੇ ਵਿਖੇ।

ਜਾਣ ਲਉ ਕਿ ਕੈ ਮੇਦੇ ਅਰ ਦਿਮਾਗ ਨੂੰ ਸਾਫ਼ ਕਰਦੀ ਹੈ ਰੁਝਾ ਲਿਆਂਬੇ। ਮੇਦੇ ਅਰ ਪਿਤਾਂ ਨੂੰ ਖੁਲੀ ਕਰਦੀ ਹੈ ਰਿਹਮ, ਗੁਰਦੇ, ਮਸਾਨੇ ਅਰ ਤ੍ਰਾਨ, ਮਾਲੀ ਖੌਲੀਆ ਕੋੜ੍ਹ, ਗੰਠੀਆ ਅਰ ਕਉਲ੍ਹ ਨੈਸਾ, ਕਾਪੂ, ਅਧਰੰਗ, ਆਤੇ ਪਨਰੋਹ ਆਦਿਕ ਰੋਗਾਂ ਨੂੰ ਭੁਨ ਦਾਇਕ ਹੈ। ਅਰ ਮਾਦੀ ਅਰ ਸਿਫਲੀ ਆਦਿਕ ਰੋਗਾਂ ਨੂੰ ਚੰਗੀ ਹੈ। ਅਰਜਦ ਕੈ ਲਿਆਉਣੀ ਹੋਵੇ, ਤਦ ਚੰਗੀ ਗਲ ਇਹ ਹੈ ਕਿ ਇਕ ਦੋ ਦਿਨ ਪਹਲੇ ਨਰਮ ਗਿਜ਼ਾ ਸ਼ੁਰੂ ਕੀਤੀ ਜਾਵੇ ਜੇਕਰ ਮਨ੍ਹਾਂ ਨਾ ਹੋਵੇ ਤਦ ਮਸਾਜ਼ੂ ਵਾਰ ਤੇਲ ਪਿੰਡੇ ਉਤੇ-

੧੧੨ ਮੰਡੇ। ਅਰ ਕੈ ਵੇਲੇ, ਨਰਮ ਖਿਚੜੀ ਖਾਧੀ ਜਾਵੇ, ਅਰ
ਕੁਝ ਚਿਰ ਪਿਛੋਂ ਜੋੜ ਅਨਸਾਰ ਕੈ ਲਿਆਉਣ ਵਾਲੀ
ਦਵਾ ਦਿਤੀ ਜਾਵੇ। ਪਰ ਵਾਈ ਬਾਦੀ ਪ੍ਰਕ੍ਰਿਤਿ ਵਾਲਿਆਂ
ਨੂੰ ਨਰਮ ਗਜਾ ਅਰ ਤੇਲ ਆਦਿਕ ਚੀਜ਼ ਦੀ ਖੁਰਾਕ ਦੇਣ
ਨਹੀਂ ਹੈ। ਨਿਰੀ ਖਿਚੜੀ ਅਰ ਕੈ ਲਿਆਉਣ ਵਾਲੀ ਦ
ਵਾ ਠੀਕ ਹੈ, ਅਰ ਨਿਰੀਆਂ ਕੈ ਕਰਾਉਣ ਵਾਲੀਆਂ ਦ
ਵਾਂਵਾਂ ਥੋਂ ਖੁਨਾਕ, ਸੁਵਾਸ ਦੀ ਨਾੜਾਂ ਦਾ ਪਾਟਣਾ ਆ
ਦਿਕ ਰੋਗਾਂ ਦਾ ਡਰ ਹੈ। ਨਾੜ ਦੇ ਪਾਟਿਆਂ ਸਿਲ ਅਤੇ
ਦੂਜਿਆਂ ਛਾਤੀ ਦੀਆਂ ਬਿਮਾਰੀਆਂ ਦੇ ਹੋਣ ਦਾ ਡਰ ਹੈ
ਇਸ ਲਈ ਉਪਰ ਛੁਲ ਪਾਵਦੇ ਕੈ ਲਿਆਉਣ ਵਾਲੀ
ਆਂ ਦਵਾਵਾਂ ਨਾਲ ਕਰਨੀ ਚਾਹੀਏ। ਜਿਹਾ ਕੁ ਸੁਦੀਕ ਮੂ
ਲੀ ਅਰ ਸਿਕੰਜਬੀਨ ਸ਼ਹਦ ਦੀ ਤੇ ਖੰਡ ਦੀ ਆਦਿ
ਕ ਚੀਜਾਂ ਦਾ ਵਰਤਣਾ ਠੀਕ ਹੈ। ਇਨਾਂ ਦਵਾਵਾਂ ਨੂੰ ਰੋਟੀ
ਖਾਣ ਥੋਂ ਪਿਛੇ ਵਰਤਣਾ ਠੀਕ ਹੈ। ਬਹੁਤੀਆਂ ਉਪਰ
ਛੁਲਾਂ ਵਡਾ ਨੁਕਸਾਨ ਕਰਦੀਆਂ ਹਨ। ਅਖਾਂ, ਕਨਾਂ
ਮੇਦੇ, ਸੀਨੇ, ਅਰ ਦੰਦਾਂ ਨੂੰ ਖਰਾਬ ਕਰਦੀਆਂ ਹਨ।
ਖਾਸ ਕਰ ਖਾਦੀ ਹੈ।

ਦਸਤ ਮਾਦੇ ਨੂੰ ਨੇੜੇ ਦੂਰ ਦੇ ਅੰਗਾਂ ਥੋਂ ਕਢ ਦਿੰਦੇ ਹਨ
। ਜੁਲਾਬ ਲੈਣ ਦੀ ਪਹਲੀ ਸੂਰਤ ਇਹ ਹੈ ਕਿ ਪਾ
ਲੇ ਮੁਲਾਯਮ ਚੀਜਾਂ ਵਰਤੀਆਂ ਜਾਣ, ਜਿਹਾ ਕੁ ਜੂਠਾ
ਅਤੇ ਤਰੋਜ ਬਾਨੇ ਆਦਿਕ। ਜੁਲਾਬ ਦੀ ਦਵਾ ਖਾਕੇ